

## ਜੀਵਨ ਬਿਓਰਾ

### ਹਰਚਰਨ ਸਿੰਘ

**ਹਰਚਰਨ ਸਿੰਘ** : ਸਪੁੱਤਰ ਸ. ਕਿਰਪਾ ਸਿੰਘ, ਜੱਦੀ ਪਿੰਡ ਉੜਾਪੜ (ਜਲੰਧ ਜਨਮ ਚੱਕ ਨੰ: 576, ਸ਼ੇਖੂਪੁਰਾ (ਪਾਕ.); ਸਾਥਣ-ਧਰਮ ਕੌਰ (ਪੰਜਾਬੀ ਥੀਏਟਰ ਦੀ ਪ ਅਭਿਨੇਤਰੀ); ਪੁੱਤਰ ਧੀਆਂ—ਡਾ: ਅਮਰਜੀਤ ਸਿੰਘ, ਜਸਬੀਰ ਕੌਰ, ਜਗਬੀਰ ਨੀਟੂ, ਅੰ ਕੌਰ ਤੇ ਹਰਬਖ਼ਸ਼ ਲਾਟਾ।

**ਅਧਿਆਪਨ** : ਲਾਇਲਪੁਰ ਖ਼ਾਲਸਾ ਕਾਲਜ (1955-56), ਪੰ. ਯੂ. ਕਾਲਜ ਦਿੱਲੀ, (1956-58) ਪੋਸਟ-ਗ੍ਰੈਜੂਏਟ ਇਨਸਟੀਚੀਊਟ ਦਿੱਲੀ (1958-196 ਪੰ: ਯੂ: ਪਟਿਆਲਾ ਤੋਂ ਬਤੌਰ ਹੈੱਡ ਪੰਜਾਬੀ ਵਿਭਾਗ ਸੇਵਾ-ਮੁਕਤ 1 ਜਨਵਰੀ 1976.

**ਵਰਤਮਾਨ ਕਾਰਜਖੇਤਰ** : ਪਰਧਾਨ, ਪੰਜਾਬ ਸੰਗੀਤ ਨਾਟਕ ਅਕਾਡਮੀ; ਮ ਪਰਧਾਨ, ਪੰ: ਸਾਹਿਤ ਅਕਾਡਮੀ, ਲੁਧਿਆਣਾ; ਮੈਂਬਰ, ਸਲਾਹਕਾਰ ਬੋਰਡ, ਭਾਸ਼ਾ ਵਿਭ ਸੰਪਾਦਕ ਦੇਸ ਪੰਜਾਬ।

**ਸਾਹਿਤ ਰਚਨਾ** : 40 ਪੁਸਤਕਾਂ (20 ਪੂਰੇ ਨਾਟਕ, 10 ਇਕਾਂਗੀ ਸੰਗ੍ਰਹਿ; 3 ਸੰ ਨਿੱਕੀ ਕਹਾਣੀ, ਦੋ ਆਲੋਚਨਾ ਦੀਆਂ ਪੁਸਤਕਾਂ, ਸਾਹਿਤ ਦਾ ਇਤਿਹਾਸ ਅਤੇ ਚਾਰ ਸੰਪਾਦਿਤ ਰ

**ਇਨਾਮ ਤੇ ਸਨਮਾਨ** : ਸ਼੍ਰੋਮਣੀ ਸਾਹਿਤਕਾਰ (1961-62) ਵਲੋਂ ਪੰਜ ਸਮੀਖਿਆ ਬੋਰਡ ਜਲੰਧਰ, ਪੰਜਾਬ ਸਾਹਿਤ ਸਭਾ ਦਿੱਲੀ (1964), ਪੰਜਾਬੀ ਸਾਹਿਤ ਸ ਚੰਡੀਗੜ੍ਹ (1972), ਭਾਰਤੀ ਸਾਹਿਤ ਅਕਾਡਮੀ 1973, ਭਾਸ਼ਾ ਵਿਭਾਗ ਪੰਜਾਬ ਵਲੋਂ ਸ਼੍ਰੋ ਸਾਹਿਤਕਾਰ ਪੁਰਸਕਾਰ 29 ਅਪਰੈਲ 1974.


**ਪ੍ਰਦੇਸ ਯਾਤਰਾ ਅਧਿਐਨ** : ਤਾਸ਼ਕੰਦ ਰੂਸ (1958), ਕੈਨੇਡਾ-ਅਮਰੀਕਾ (197 ਕੈਨੇਡਾ-ਅਮਰੀਕਾ ਦੂਜੀ ਵਾਰ (1977), ਰਾਣੀ ਜਿੰਦਾਂ ਨਾਟਕ ਦੀ ਪੇਸ਼ਕਾਰੀ ਕੈਨੇਡਾ-ਅਮ ਦੇ 25 ਸ਼ਹਿਰਾਂ 'ਚ (1981), ਤੀਜੀ ਵਿਸ਼ਵ ਪੰਜਾਬੀ ਕਾਨਫਰੰਸ ਬੈਂਕਾਕ (198 ਬਰਤਾਨੀਆ, ਅਮਰੀਕਾ, ਕੈਨੇਡਾ ਯਾਤਰਾ (1984).

**ਵਿਸ਼ੇਸ਼ ਕਥਨ** : 1986 ਵਿਚ ਨਾਟਕਕਾਰ ਹਰਚਰਨ ਸਿੰਘ ਦੀ ਪੰਜਾਬੀ ਥੀਏਟਰ ਨਾਟਕ ਖੇਤਰ ਵਿਚ ਪ੍ਰਵੇਸ਼ ਦੀ ਗੋਲਡਨ ਜੁਬਲੀ (1936-86) ਪੰਜਾਬ ਆਰਟ ਥੀਏ (ਸਥਾਪਤ ਲਾਹੌਰ 1938) ਵਲੋਂ ਹੋਰ ਸੰਸਥਾਵਾਂ ਦੇ ਸਹਿਯੋਗ ਨਾਲ ਮਨਾਈ ਜਾ ਰਹੀ ਹੈ। ਨੇ ਪਿਛਲੇ 50 ਸਾਲਾਂ ਤੋਂ ਇਕਾਗਰ ਮਨ ਤੇ ਪੂਰੀ ਲਗਨ ਨਾਲ ਪੰਜਾਬੀ ਥੀਏਟਰ, ਸਾ ਤੇ ਸਭਿਆਚਾਰ ਦੀ ਸੇਵਾ ਕੀਤੀ ਹੈ।

**ਦਫਤਰ ਦਾ ਪਤਾ** :
ਪਰਧਾਨ, ਪੰ: ਸੰਗੀਤ ਨਾਟਕ ਅਕਾਡਮੀ
ਰੋਜ਼ ਗਾਰਡਨ, ਸੈਕਟਰ 16, ਚੰਡੀਗੜ੍ਹ। (ਫੋਨ 31272)

**ਘਰ ਦਾ ਪਤਾ** :
1048/15-ਬੀ, ਚੰਡੀਗ
(ਫੋਨ 43040)

Pandit Jawahar Lal Nehru inaugurated memorial at Baj Baj Ghat on 1st January 1



# ਕਾਮਾਗਾਟਾ
# ਮਾਰੂ

## ਹਰਚਰਨ ਸਿੰਘ ਰਚਿਤ ਹੋਰ ਪੁਸਤਕਾਂ

ਨਾਟਕ : ਕਲ, ਅਜ ਤੇ ਭਲਕ, ਰਾਣੀ ਜਿੰਦਾਂ, ਮਸੀਹਾ ਸੂਲੀ ਤੇ ਮੁਸਕ੍ਰਾਇਆ, ਹਿੰਦ ਦੀ ਚਾਦਰ, ਸ਼ੋਭਾ ਸ਼ਕਤੀ, ਚਮਕੌਰ ਦੀ ਗੜ੍ਹੀ, ਅਨਜੋੜ, ਦੋਸ਼, ਰੱਤਾ ਸਾਲੂ, ਰਾਜਾ ਪੋਰਸ, ਦੂਰ ਦੁਰਾਡੇ ਸ਼ਹਿਰੋਂ, ਦੇਖ ਕਬੀਰਾ ਰੋਆ, ਤੇਰਾ ਘਰ ਸੋ ਮੇਰਾ ਘਰ, ਕੰਚਨ ਮਾਟੀ, ਪੁੰਨਿਆ ਦਾ ਚੰਨ ਆਦਿ ।

ਇਕਾਂਗੀ ਸੰਗ੍ਰਹਿ : ਮੁੜ੍ਹਕੇ ਦੀ ਖੁਸ਼ਬੋ, ਸਪਤ ਰਿਸ਼ੀ, ਪੰਜ ਗੀਟੜਾ, ਹਿੰਦੀ ਇਸਤ੍ਰੀ ਦੀ ਰੂਹ ਤੇ ਹੋਰ ਇਕਾਂਗੀ, ਮੇਰੇ ਚੋਣਵੇਂ ਇਕਾਂਗੀ (ਦੋ ਭਾਗ), ਜ਼ਫਰਨਾਮਾ ਤੇ ਹੋਰ ਇਕਾਂਗੀ ਆਦਿ ।

ਕਹਾਣੀ : ਸਿੱਪੀਆਂ, ਨਵੀਂ ਸਵੇਰ ਅਤੇ ਮੇਰੀ ਚੋਣਵੀਂ ਕਹਾਣੀ ।

ਸੰਪਾਦਿਤ : ਪੰਜਾਬੀ ਸਾਹਿਤ ਧਾਰਾ, ਨੰਦਾ ਦੇ ਸਾਰੇ ਦੇ ਸਾਰੇ ਨਾਟਕ, ਰੰਗ ਮੰਚ ਤੇ ਖੇਡਣ ਲਈ ਚੋਣਵੇਂ 26 ਪੰਜਾਬੀ ਇਕਾਂਗੀ, ਪੰਡਤ ਸ਼ਰਧਾ ਰਾਮ ਫਿਲੌਰੀ; ਸਤ ਚੋਣਵੇਂ ਇਕਾਂਗੀ ।

ਇਤਿਹਾਸ : ਪੰਜਾਬੀ ਸਾਹਿਤ ਦਾ ਸੰਖੇਪ ਇਤਿਹਾਸ ।

ਆਲੋਚਨਾ : ਪੰਜਾਬੀ ਵਾਰਤਕ ਦਾ ਜਨਮ ਤੇ ਵਿਕਾਸ, ਨਾਟਕ ਕਲਾ ਤੇ ਹੋਰ ਲੇਖ; ਅਤੇ ਨਾਟਕਕਾਰ ਨੰਦਾ ।

# ਕਾਮਾਗਾਟਾ ਮਾਰੂ

(ਕੌਮੀ ਦੁਖਾਂਤ)

ਹਰਚਰਨ ਸਿੰਘ

ਰਘਬੀਰ ਰਚਨਾ ਪ੍ਰਕਾਸ਼ਨ
ਚੰਡੀਗੜ੍ਹ

KAMAGATA MARU
(Full Play)
*by:* HARCHARN SINGH

*Published by:*
RAGHBIR RACHNA PARKASHAN
3236, Sector 15 D,
CHANDIGARH.
TEL. 0172—41350

1985

ਛਾਪਕ
ਮੰਜੁਲਾ ਪ੍ਰਿੰਟਰਜ਼
ਚੰਡੀਗੜ੍ਹ

ਚਿਤ੍ਰਕਾਰ
ਮਹਿੰਦਰ

ਮੁੱਲ
ਪੰਜੀ ਰੁਪਏ

## ਸਮਰਪਣ

ਉਹਨਾਂ ਦੇਸ਼ ਭਗਤਾਂ ਤੇ ਸ਼ਹੀਦਾਂ

ਦੇ ਨਾਂ

ਜਿਨ੍ਹਾਂ ਨੇ ਦੇਸ਼ ਦੀ ਸੁਤੰਤਰਤਾ

ਲਈ

ਜਾਨਾਂ ਕੁਰਬਾਨ ਕੀਤੀਆਂ ।

## ਪਾਤਰ

(ਪ੍ਰਵੇਸ਼ ਕਰਮ ਅਨੁਸਾਰ)

ਨਿਰਮਲ
ਮੇਵਾ ਸਿੰਘ ਲੋਪੋਕੇ
ਮਾਂ (ਨਿਰਮਲ ਦੀ)
ਪਿਤਾ
ਡਾਕਟਰ
ਤਿੰਨ ਮੁਸਾਫਰ (ਹਰਨਾਮ ਸਿੰਘ, ਕਰਤਾ ਰਾਮ ਤੇ ਪੀਰ ਬਖਸ਼)
ਦੁੱਲਾ ਸਿੰਘ ਫੌਜੀ
ਕਰਮਾ ਜੱਟ
ਬਾਰੂ ਕਾਮਾ
ਏਜੰਟ
ਬਾਬਾ ਗੁਰਦਿਤ ਸਿੰਘ
ਜਾਪਾਨਣ ਤੇ ਇਕ ਜਾਪਾਨੀ
ਗਿਆਨੀ ਭਗਵਾਨ ਸਿੰਘ
ਮੌਲਵੀ ਬਰਕਤੁੱਲਾ
ਹੌਪਕਿਨਸਨ
ਬੇਲਾ ਸਿੰਘ
ਮੀਰ ਮੁਹੰਮਦ
ਭਾਈ ਭਾਗ ਸਿੰਘ
ਹਸਨ ਰਹੀਮ
ਸੋਹਨ ਲਾਲ
ਬਾਗ਼ੀ ਮੁਸਾਫਰ
ਸੋਹਨ ਸਿੰਘ ਭਕਨਾ
ਕਰਤਾਰ ਸਿੰਘ ਸਰਾਭਾ
ਸੁੱਖਾ ਸਿੰਘ ਪੁਲਿਸ ਇੰਸਪੈਕਟਰ
ਮੇਜਰ ਈਸਟਵੁਡ
ਕੁਝ ਹੋਰ ਮੁਸਾਫਰ



# ਕੁਝ ਨਾਟਕ ਬਾਰੇ

"ਕਾਮਾਗਾਟਾ ਮਾਰੂ" ਦੇ ਦੁਖਾਂਤ ਦੀਆਂ ਮੁਖ ਘਟਨਾਵਾਂ ਵੈਨਕੂਵਰ ਵਿੱਚ ਵਾਪਰੀਆਂ ਸਨ, ਅੰਤ ਭਾਵੇਂ ਬਜ ਬਜ ਘਾਟ (ਕਲਕੱਤਾ) ਉੱਤੇ ਜਾ ਕੇ ਹੋਇਆ। ਅਜੀਬ ਮੌਕਾ ਮੇਲ ਸਮਝੋ ਇਸ ਨਾਟਕ ਦਾ ਮੁਢ ਵੀ ਵੈਨਕੂਵਰ ਵਿਚ ਹੀ ਬੱਝਾ ਸੀ। 1981 ਵਿਚ ਪੰਜਾਬੀ ਕਲਾ ਕੇਂਦਰ, ਚੰਡੀਗੜ੍ਹ ਵਲੋਂ 'ਰਾਣੀ ਜਿੰਦਾਂ' ਨਾਟਕ ਕੈਨੇਡਾ ਦੇ ਦਸ ਮੁਖ ਸ਼ਹਿਰਾਂ ਵਿਚ ਪੇਸ਼ ਕੀਤਾ ਗਿਆ ਸੀ। ਵੈਨਕੂਵਰ ਵਿਚ ਅਸੀਂ ਪੂਰਾ ਹਫਤਾ ਠਹਿਰੇ ਸੀ। ਉਸ ਸਮੇਂ ਦੋ ਦਿਨ ਮੈਨੂੰ ਆਪਣੇ ਪਰਮ ਮਿੱਤਰ ਨਾਵਲਕਾਰ ਕੇਸਰ ਸਿੰਘ ਦੀ ਪਰਾਹੁਣਚਾਰੀ ਮਾਨਣ ਦਾ ਅਵਸਰ ਮਿਲਿਆ ਸੀ ਇੰਡੋ-ਕੈਨੇਡੀਅਨ ਟਾਈਮਜ਼ ਦੇ ਸੰਪਾਦਕ ਸ. ਤਾਰਾ ਸਿੰਘ ਹੇਅਰ ਨਾਲ ਮੇਲ ਵੀ ਕੇਸਰ ਸਿੰਘ ਦੇ ਘਰ ਹੀ ਹੋਇਆ ਸੀ। ਉਹਨਾਂ ਦੋਹਾਂ ਦੀ ਪ੍ਰੇਰਨਾ ਸਦਕਾ ਮੈਂ ਇਹ ਨਾਟਕ ਲਿਖਣ ਦਾ ਮਨ ਉਦੋਂ ਹੀ ਬਣਾ ਲਿਆ ਸੀ। ਕੇਸਰ ਸਿੰਘ ਨੇ ਕਾਮਾਗਾਟਾ ਮਾਰੂ ਬਾਰੇ ਮੈਨੂੰ ਕਾਫੀ ਕੁਝ ਜ਼ਬਾਨੀ ਵੀ ਦਸਿਆ ਸੀ। ਉਂਝ ਉਸ ਘੋਰ ਕੌਮੀ ਦੁਖਾਂਤ ਦੀ ਅੰਗਮੀ ਜਿਹੀ ਕਸਕ ਮੈਨੂੰ 1974 ਵਿਚ ਹੀ ਅਨੁਭਵ ਹੋਈ ਸੀ, ਜਦੋਂ ਮੈਂ ਪਹਿਲੀ ਦਫ਼ਾ ਵੈਨਕੂਵਰ ਦੇ ਸਮੁੰਦਰ ਕੰਢੇ ਖੜੋ ਕੇ ਓਸ ਇਤਿਹਾਸਕ ਘਟਨਾ ਸਥਾਨ ਨੂੰ ਦੇਖਿਆ ਸੀ। ਭਾਈ ਮੇਵਾ ਸਿੰਘ ਲੋਪੋਕੇ ਦੀ ਨਿਧੜਕ ਕੁਰਬਾਨੀ ਬਾਰੇ ਮੈਨੂੰ ਪਹਿਲੀ ਦਫ਼ਾ ਉਦੋਂ ਹੀ ਗਿਆਨ ਹੋਇਆ ਸੀ।

ਇਤਿਹਾਸਕ ਨਾਟਕਕਾਰ ਸਾਹਮਣੇ ਵੱਡੀ ਮੁਸ਼ਕਲ ਲੰਮੇ ਸਮੇਂ ਵਿਚ ਵਖੋ ਵਖ ਥਾਵਾਂ ਤੇ ਵਾਪਰੀਆਂ ਘਟਨਾਵਾਂ ਨੂੰ ਸਮੇਟਣ ਦੀ ਹੁੰਦੀ ਹੈ। ਜੇ ਨਾਟਕ ਨੂੰ ਰੰਗ ਮੰਚ ਉੱਤੇ ਖੇਡਣ ਲਈ ਲਿਖਣਾ ਹੋਵੇ ਫੇਰ ਕਾਫੀ ਕਾਂਟ ਛਾਂਟ, ਵਿਉਂਤ ਤੇ ਵਿਚਾਰ ਤੋਂ ਕੰਮ ਲੈਣਾ ਪੈਂਦਾ ਹੈ। ਨਾਟਕ ਇਤਿਹਾਸ ਵਾਂਗ ਘਟਨਾਵਾ ਦਾ ਸੰਨ ਸੰਮਤ ਅਨੁਸਾਰ ਤਰਤੀਬਵਾਰ ਵੇਰਵਾ ਨਹੀਂ ਹੁੰਦਾ। 'ਕਾਮਾਗਾਟਾ ਮਾਰੂ' ਦੇ ਦੁਖਾਂਤ ਦੀ ਪੂਰੀ ਕਹਾਣੀ ਤਾਂ ਪਾਠਕ ਸ. ਸੋਹਨ ਸਿੰਘ ਜੋਸ਼ ਦੀ ਪੁਸਤਕ "ਟਰੈਜਿਡੀ ਆਫ ਕਾਮਾਗਾਟਾ ਮਾਰੂ"ਵਿਚ ਪੜ੍ਹ ਸਕਦੇ ਹਨ। ਫੇਰ ਉਨ੍ਹਾਂ ਨੂੰ ਨਾਟਕ ਪੜ੍ਹਨ ਜਾਂ ਦੇਖਣ ਦੀ ਕਿਉਂ ਲੋੜ ਪੈਂਦੀ ਹੈ? ਨਾਟਕਕਾਰ ਦਾ ਕਰਤਵ ਦਰਸ਼ਕ ਜਾਂ ਪਾਠਕ ਨੂੰ ਇਤਿਹਾਸਕ ਸਚ ਦੀ ਕਲਾ ਭਰਪੂਰ ਤਿੱਖੀ ਸੂਝ

ਪ੍ਰਦਾਨ ਕਰਵਾਂਣਾ ਹੁੰਦਾ ਹੈ । ਆਪਣੇ ਮਨੋਰਥ ਦੀ ਸਿੱਧੀ ਲਈ ਉਸ ਨੂੰ ਕਈ ਵਿਧੀਆਂ ਤੇ ਸਾਧਨਾਂ ਦੀ ਸਹਾਇਤਾ ਲੈਣੀ ਪੈਂਦੀ ਹੈ, ਜਿਵੇਂ ਰੋਸ਼ਨੀ ਤੇ ਆਵਾਜ਼ ਪ੍ਰਬੰਧ, ਵੇਸ਼ ਭੂਸ਼ਾ, ਮੰਚ-ਸਜਾਵਟ ਗੀਤ ਸੰਗੀਤ ਆਦਿ । ਉਂਝ ਵੀ ਹੋ ਬੀਤੀਆਂ ਇਤਿਹਾਸਕ ਘਟਨਾਵਾਂ ਨੂੰ ਹੂਬਹੂ ਪੇਸ਼ ਕਰਨਾ ਨਾ ਨਾਟਕਕਲਾ ਦਾ ਕੋਈ ਗੁਣ ਹੈ ਅਤੇ ਨਾ ਹੀ ਉਦੇਸ਼ ।

ਮੈਂ ਹੁਣ ਤਕ ਅੱਧੀ ਦਰਜਨ ਤੋਂ ਵਧ ਇਤਿਹਾਸਕ ਨਾਟਕ ਲਿਖੇ ਤੇ ਖੇਡੇ ਹਨ । ਪਹਿਲਾ ਇਤਿਹਾਸਕ ਨਾਟਕ 'ਰਾਜਾ ਪੋਰਸ' 1938 ਵਿਚ ਰਚਿਆ ਅਤੇ 1939 ਵਿਚ ਖੇਡਿਆ ਸੀ । ਉਸ ਵਕਤ ਦੇਸ ਦੀ ਸੁਤੰਤਰਤਾ ਲਈ ਸਿਆਸੀ ਸੰਘਰਸ਼ ਜ਼ੋਰਾਂ ਤੇ ਸੀ । ਉਸ ਸਮੇਂ ਪੰਜਾਬ ਦੇ ਪ੍ਰਾਚੀਨ ਮਹਾਨ ਦੇਸ ਭਗਤ ਜੋਧੇ ਨੂੰ ਉਜਾਗਰ ਕਰਨਾ ਭਾਰੀ ਸਾਰਥਕ ਕਾਰਜ ਸਮਝਿਆ ਗਿਆ ਸੀ । ਰਾਜਾ ਪੋਰਸ ਸਦੀਵ ਕਾਲ ਲਈ ਸਾਡਾ ਬੇਮਿਸਾਲ ਕੌਮੀ ਨਾਇਕ ਹੈ ।

1982-83 ਵਿਚ "ਕਾਮਾਗਾਟਾ ਮਾਰੂ" ਨਾਟਕ ਦਾ ਵਿਸ਼ਾ ਮੈਂ ਸੁਚੇਤ ਤੌਰ ਤੇ ਪੰਜਾਬ ਦੀ ਦੁਖਾਂਤਕ ਸਥਿਤੀ ਨੂੰ ਮੁਖ ਰਖਕੇ ਚੁਣਿਆ ਸੀ । 1984 ਵਿਚ ਅਕਾਸ਼ਵਾਣੀ ਜਲੰਧਰ ਤੋਂ ਇਸ ਨਾਟਕ ਦੇ ਪ੍ਰਸਾਰਨ ਦੀ ਤਰੀਕ ਵੀ ਨੀਅਤ ਹੋ ਗਈ ਸੀ, ਪਰ ਅਚਾਨਕ ਪ੍ਰਸਾਰਨ ਰੋਕ ਦਿੱਤਾ ਗਿਆ ਸੀ । ਕਾਰਣ ਸਪਸ਼ਟ ਜਾਪਦਾ ਸੀ । ਸ਼ਾਇਦ ਪ੍ਰਬੰਧਕਾਂ ਨੂੰ ਡਰ ਸੀ ਕਿ ਇਹ ਨਾਟਕ ਬਲ਼ਦੀ ਤੇ ਤੇਲ ਦਾ ਕੰਮ ਕਰੇਗਾ । ਹਾਲਾਂ ਕਿ ਇਸ ਡਰ ਦੇ ਉਲਟ ਨਾਟਕ ਸਦ-ਭਾਵਨਾ ਤੇ ਫਿਰਕੂ ਏਕਤਾ ਦਾ ਪ੍ਰਭਾਵ ਛਡਦਾ ਹੈ । ਭਾਈ ਗੁਰਦਿਤ ਸਿੰਘ ਸਮੇਤ ਮੁਸਾਫਰਾਂ ਦੀ ਬਹੁਤੀ ਗਿਣਤੀ ਪੱਕੇ ਗੁਰਸਿੱਖਾਂ ਦੀ ਸੀ ਪਰ ਉਹਨਾਂ ਨੇ ਆਪਣੀਆਂ ਧਾਰਮਕ ਭਾਵਨਾਵਾਂ ਤੋਂ ਉੱਚੇ ਉਠ ਕੇ ਦੇਸ ਦੀ ਸੁਤੰਤਰਤਾ ਅਤੇ ਅਖੰਡਤਾ ਲਈ ਸੰਘਰਸ਼ ਕੀਤਾ ਸੀ । ਗੁਰੂ ਨਾਨਕ ਦੇਵ ਤੋਂ ਗੁਰੂ ਗੋਬਿੰਦ ਸਿੰਘ ਤਕ ਕੁਲ ਸਿੱਖ ਗੁਰੂਆਂ ਸਾਹਮਣੇ ਸਾਰੇ ਭਾਰਤ ਸਗੋਂ ਸਮੁਚੀ ਮਨੁਖ ਜਾਤੀ ਦਾ ਹਿਤ ਤੇ ਕਲਿਆਣ ਸੀ । ਫੇਰ ਉਨ੍ਹਾਂ ਦੇ ਅਨਿਆਈ ਕਿਉਂ ਸਮੁਚੇ ਭਾਰਤ ਵਿਚ ਫੈਲਣ ਦੀ ਥਾਂ ਮਧਕਾਲੀ ਜ਼ਹਿਨੀਅਤ ਦੇ ਪ੍ਰਭਾਵ ਅਧੀਨ ਨਿੱਕੇ ਜਿਹੇ ਖਿੱਤੇ ਵਿਚ ਸੁੰਗੜ ਕੇ ਬੈਠਣ (ਲੜਨ ਭਿੜਨ) ਲਈ ਆਪਣੀ ਨਿਕਟ ਦ੍ਰਿਸ਼ਟੀ ਦਾ ਸਬੂਤ ਦੇ ਰਹੇ ਹਨ । ਪੰਜਾਬੀ ਤਾਂ ਅਜ ਦੁਨੀਆਂ ਭਰ ਦੇ ਨਾਗਰਿਕ ਹਨ ।

ਕੈਨੇਡਾ ਵਿਚ ਅਜ ਵੀ ਹਿੰਦੀ ਆਵਾਸੀ ਘਟੀਆ ਦਰਜੇ ਦੇ ਸ਼ਹਿਰੀ ਸਮਝੇ ਜਾਂਦੇ ਹਨ ਜਦੋਂ ਕਿ ਸਾਰਾ ਕੈਨੇਡਾ ਪਰਵਾਸੀ ਮੁਲਕ ਹੈ । ਹੁਣ ਵੀ ਉਹ ਭਾਰਤੀ ਲੋਕਾਂ ਨੂੰ ਘ੍ਰਿਣਾ ਨਾਲ ਪਾਕੀ (ਘਟੀਆ ਕਿਸਮ ਦੇ ਇਨਸਾਨ) ਕਹਿੰਦੇ ਹਨ । ਮੇਰੇ ਨਾਲ ਨਿੱਜੀ ਤੌਰ ਤੇ ਦੋ ਦਫ਼ਾ ਅਜੇਹੀਆਂ ਘਟਨਾਵਾਂ ਵਾਪਰ ਚੁੱਕੀਆਂ ਹਨ । ਨਸਲਵਾਦ ਦਾ ਜ਼ਹਿਰ ਗੋਰਿਆਂ ਦੇ ਦਿਲ ਦਿਮਾਗ ਵਿਚ ਚੰਗੀ ਤਰ੍ਹਾਂ ਘੁਲ ਚੁੱਕਾ ਹੈ । ਇਸ ਨਾਟਕ ਵਿਚ ਲੜਕੀ ਨਿਰਮਲ ਦਾ ਪਾਗਲਪਨ ਆਵਾਸੀਆਂ ਦੇ ਗੁੱਸੇ ਦਾ ਪ੍ਰਤੀਕ ਹੈ । ਉਨ੍ਹਾਂ ਲੋਕਾਂ ਦਾ ਘ੍ਰਿਣਾ



ਭਰਿਆ ਵਰਤਾਉ ਅਜ ਵੀ ਹਿੰਦੀਆਂ ਨੂੰ ਗੁੱਸੇ ਨਾਲ ਪਾਗਲ ਕਰ ਦਿੰਦਾ ਹੈ । ਸਮਕਾਲੀ ਸਮਾਜਕ ਯਥਾਰਥ ਦਾ ਅੰਸ਼ ਪੈਦਾ ਕਰਨ ਤੋਂ ਬਿਨਾ ਨਿਰਮਲ ਦਾ ਪਾਗਲਪਨ ਨਾਟਕ ਦੇ ਆਦਿ-ਅੰਤ ਨੂੰ ਜੋੜਨ (ਕਲੋਜ਼ਅਪ) ਦਾ ਕੰਮ ਕਰਦਾ ਹੈ ।

1914 ਵਿਚ ਕਾਮਾਗਾਟਾ ਮਾਰੂ ਦਾ ਦੁਖਾਂਤ ਵਾਪਰਨ ਸਮੇਂ ਪੰਜਾਬ ਸਖਤ ਆਰਥਕ ਮੰਦਵਾੜੇ ਦਾ ਸ਼ਿਕਾਰ ਸੀ । ਅੰਗ੍ਰੇਜ਼ ਸ਼ਾਸ਼ਕਾਂ ਨੇ ਜਿਣਸ ਦੀ ਥਾਂ ਨਕਦ ਰੁਪਿਆਂ ਵਿਚ ਮਾਮਲਾ ਉਗ੍ਰਾਹੁਣਾ ਸ਼ੁਰੂ ਕੀਤਾ ਹੋਇਆ ਸੀ । ਜਿਣਸਾਂ ਦੇ ਭਾਅ ਅਸਲੋਂ ਘਟ ਸਨ । ਪੈਸਾ ਸਹੁੰ ਖਾਣ ਨੂੰ ਹਥ ਨਹੀਂ ਸੀ ਲਗਦਾ । 80 ਫੀ ਸਦੀ ਤੋਂ ਵਧ ਕਿਰਸਾਨ ਬੁਰੀ ਤਰ੍ਹਾਂ ਕਰਜ਼ਾਈ ਸਨ । ਬਹੁਤ ਸਾਰੇ ਜਟ ਜਿਮੀਂਦਾਰ ਸ਼ਾਹੂਕਾਰਾਂ ਕੋਲ ਜ਼ਮੀਨ ਗਹਿਣੇ ਰਖਕੇ ਜਾਂ ਬੈ ਕਰਕੇ ਬੁਰੇ ਹਾਲੀਂ ਘਰੋਂ ਨਿਕਲ ਤੁਰੇ ਸਨ । ਹਾਲ੍ਹਾ ਪੂਰਾ ਨਾ ਹੋਣ ਦੀ ਹਾਲਤ ਵਿਚ ਕਈ ਥਾਵਾਂ ਤੇ ਕਿਸਾਨ ਜ਼ਮੀਨਾਂ ਤੇ ਘਰ ਬਾਰ ਛਡ ਕੇ ਉਂਝ ਹੀ ਭਜ ਗਏ ਸਨ । ਕਾਮੇ ਜਾਂ ਖੇਤ ਮਜ਼ਦੂਰਾਂ ਦੀ ਉਨ੍ਹਾਂ ਨਾਲੋਂ ਵੀ ਭੈੜੀ ਹਾਲਤ ਸੀ । ਅਜੇਹੀ ਦੁਰਭਾਗੀ ਸਥਿਤੀ ਦੇ ਮਾਰੇ ਹਜ਼ਾਰਾਂ ਪੰਜਾਬੀ ਮਲਾਇਆ, ਸਿੰਘਾਪੁਰ ਤੇ ਹਾਂਗਕਾਂਗ ਵਲ ਰੋਜ਼ੀ ਦੀ ਭਾਲ ਵਿਚ ਪੁੱਜੇ ਹੋਏ ਸਨ । ਬਾਬਾ ਗੁਰਦਿਤ ਸਿੰਘ ਨੇ ਹਾਂਗਕਾਂਗ ਦੇ ਗੁਰ-ਦਵਾਰੇ ਵਿਚ ਸੈਂਕੜੇ ਪੰਜਾਬੀਆਂ ਨੂੰ ਤਰਸਯੋਗ ਹਾਲਤ ਵਿਚ ਬੈਠੇ ਦੇਖ ਕੇ ਹੀ ਉਨ੍ਹਾਂ ਨੂੰ ਕੈਨੇਡਾ ਪੁਚਾਣ ਦਾ ਉੱਦਮ ਅਰੰਭਿਆ ਸੀ ।

ਨਾਟਕ ਦੇ ਸਾਰੇ ਮੁਖ ਪਾਤਰ ਇਤਿਹਾਸਕ ਵਿਅਕਤੀ ਹਨ । ਮੁਸਾਫਰਾਂ ਵਿੱਚ ਵਧੇਰੇ ਕਰਕੇ ਤਿੰਨ ਤਰ੍ਹਾਂ ਦੇ ਲੋਕ ਸਨ : ਜਟ ਜਿਮੀਂਦਾਰ, ਪੈਂਸ਼ਨੀਏ ਜਾਂ ਨਾਮ ਕਟੇ ਫੌਜੀ ਜਾਂ ਫੇਰ ਗਰੀਬ ਕਾਮੇ । ਤਿੰਨਾਂ ਧਿਰਾਂ ਦੇ ਮੈਂ ਤਿੰਨ ਪ੍ਰਤੀਨਿਧ ਪਾਤਰ ਰੱਖੇ ਹਨ : ਦੁੱਲਾ ਸਿੰਘ ਫੌਜੀ, ਕਰਮ ਸਿੰਘ ਕਿਸਾਨ ਅਤੇ ਬਾਰੂ ਕਾਮਾ । ਨਾਟਕ ਦਾ ਸੰਚਾਲਕ ਤੇ ਨਾਇਕ ਬਾਬਾ ਗੁਰਦਿੱਤ ਸਿੰਘ ਹੀ ਹੈ ਜਿਸ ਨੂੰ ਮੁਸਾਫਰ ਸਤਕਾਰ ਨਾਲ ਭਾਈ ਜਾਂ ਗਿਆਨੀ ਵੀ ਕਹਿੰਦੇ ਹਨ । ਉਸ ਦੀ ਉਮਰ ਉਸ ਵੇਲੇ 58 ਸਾਲਾਂ ਦੀ ਸੀ । ਕੁਰਬਾਨੀ, ਨਿਧੜਤਾ, ਮਨੁਖ ਜਾਤੀ ਪ੍ਰਤੀ ਹਮਦਰਦੀ, ਸੂਝ ਬੂਝ ਅਤੇ ਨਿਸ਼ਕਾਮ ਸੇਵਾਭਾਵ ਰਖਣ ਕਾਰਣ ਉਹ ਦੇਸ ਦੇ ਚੋਣਵੇਂ ਦੇਸ ਭਗਤਾਂ ਵਿਚ ਗਿਣਿਆ ਜਾਂਦਾ ਹੈ । ਉਹ ਸਰਾਲ੍ਹੀ (ਅੰਮ੍ਰਿਤਸਰ) ਦੇ ਇਕ ਸਧਾਰਣ ਜਟ ਘਰਾਣੇ ਵਿਚ ਪੈਦਾ ਹੋ ਕੇ ਮਲਾਇਆ, ਸਿੰਘਾਪੁਰ ਵਿਚ ਇਕ ਤਕੜਾ ਕਾਮਯਾਬ ਵਪਾਰੀ ਬਣਿਆ । ਉਸ ਤੋਂ ਬਿਨਾ ਗਿਆਨੀ ਭਗਵਾਨ ਸਿੰਘ, ਮੌਲਵੀ ਬਰਕਤੁੱਲਾ, ਹੌਪਕਿਨਸਨ, ਬੇਲਾ ਸਿੰਘ, ਮੇਵਾ ਸਿੰਘ ਲੱਪੋਕੇ, ਭਾਈ ਭਾਗ ਸਿੰਘ, ਹਸਨ ਰਹੀਮ, ਪੰਡਤ ਸੋਹਨ ਲਾਲ, ਸੋਹਨ ਸਿੰਘ ਭਕਨਾ, ਸੁੱਖਾ ਸਿੰਘ, ਈਸਟਵੁਡ ਆਦਿ ਸਭ ਇਤਿਹਾਸਕ ਵਿਅਕਤੀ ਹਨ । ਗਿਆਨੀ ਕੇਸਰ ਸਿੰਘ ਅਨੁਸਾਰ ਕਰਤਾਰ ਸਿੰਘ ਸਰਾਭਾ ਦਾ ਮੁਸਾਫਰਾਂ ਨਾਲ ਮੇਲ ਨਹੀਂ ਹੋਇਆ, ਪਰ ਸ. ਸੋਹਨ ਸਿੰਘ ਜੋਸ਼ ਦੀ ਡੂੰਘੀ ਖੋਜ (ਟਰੈਜਿਡੀ ਆਫ ਕਮਾਗਾਟਾ ਮਾਰੂ ਸਫਾ 65) ਅਨੁਸਾਰ ਕਰਤਾਰ ਸਿੰਘ ਸਰਾਭਾ ਜਹਾਜ਼

ਦੀ ਵਾਪਸੀ ਸਮੇਂ ਹੋਰ ਕਈ ਗ਼ਦਰੀਆਂ ਸਮੇਤ ਜਾਪਾਨ ਵਿਚ ਹੀ ਸੀ। ਪਾਤਰ ਸੰਕੋਚ ਖਾਤਰ ਮੈਂ ਕਈ ਜ਼ਰੂਰੀ ਪਾਤਰ ਜਾਣ ਬੁਝ ਕੇ ਛੱਡੇ ਹਨ ਜਿਵੇਂ ਬਾਬਾ ਗੁਰਦਿਤ ਸਿੰਘ ਦਾ ਨਿੱਜੀ ਸਕੱਤਰ ਦਲਜੀਤ ਸਿੰਘ, ਭਾਈ ਬਲਵੰਤ ਸਿੰਘ, ਮੁਨਸ਼ਾ ਸਿੰਘ ਆਦਿ।

ਬਾਬਾ ਗੁਰਦਿਤ ਸਿੰਘ ਸਮੇਤ ਸਾਰੇ ਮੁਸ ਫਰ ਜਹਾਜ਼ ਚਲਣ ਸਮੇਂ ਸਿਆਸੀ ਸੂਝ ਬੂਝ ਪਖੋਂ ਕੋਰੇ ਸਨ। ਉਹ ਲੋਕ ਆਪਣੀ ਆਰਥਕ ਹਾਲਤ ਸੁਧਾਰਨ ਖਾਤਰ ਹੀ ਘਰੋਂ ਨਿਕਲੇ ਸਨ। ਪਰ ਕੈਨੇਡਾ ਦੀ ਸਾਮਰਾਜੀ ਫਰੰਗੀ ਸਰਕਾਰ ਵਲੋਂ ਉਨ੍ਹਾਂ ਨਾਲ ਜੋ ਗੈਰ-ਇਨਸਾਨੀ ਸਲੂਕ ਕੀਤਾ ਗਿਆ, ਉਸ ਨਾਲ ਉਹਨਾ ਦੀਆਂ ਸੁੱਤੀਆਂ ਕਲਾਂ ਜਾਗ ਪਈਆਂ ਸਨ। ਜ਼ੋਰ ਜਬਰ ਨੇ ਉਹਨਾਂ ਵਿਚ ਸੁਭਾਵਕ ਵਿਦਰੋਹ ਭਾਵਨਾ ਪੈਦਾ ਕਰ ਦਿੱਤੀ ਸੀ। ਹਿੰਦੁਸਤਾਨ ਗ਼ਦਰ ਪਾਰਟੀ ਦੇ ਲੀਡਰਾਂ ਨੇ ਵੀ ਉਨ੍ਹਾਂ ਨੂੰ ਸੁਚੇਤ ਕਰਨ ਵਿਚ ਤਕੜਾ ਹਿੱਸਾ ਪਾਇਆ ਸੀ। ਬਜ ਬਜ ਘਾਟ ਤੇ ਮੁਸਾਫਰਾਂ ਨਾਲ ਜੋ ਵਰਤਾਉ ਹੋਇਆ ਉਹ ਹੋਰ ਵੀ ਮਨੁਖਤਾ ਹੀਨ ਸੀ। ਗੁਲਾਮੀ ਦੀ ਲਾਹਨਤ ਦਾ ਨੰਗਾ ਮੁਜ਼ਾਹਰਾ ਸੀ। ਜਲ੍ਹਿਆਂ ਵਾਲਾ ਬਾਗ ਦਾ ਹੀ ਮੁਢਲਾ ਰੂਪ ਸੀ।

ਅਸਲ ਵਿਚ ਅੰਗ੍ਰੇਜ਼ੀ ਸਰਕਾਰ ਨੂੰ ਮੁਸਾਫਰਾਂ ਦੇ ਬਾਗੀ ਇਰਾਦਿਆਂ ਬਾਰੇ ਪਹਿਲੋਂ ਖੁਫੀਆ ਰਿਪੋਰਟਾਂ ਪੁਜ ਚੁੱਕੀਆਂ ਸਨ। ਕੈਨੇਡਾ ਦੇ ਇਮੀਗ੍ਰੇਸ਼ਨ ਮਹਿਕਮੇ ਨੇ ਆਪਣੀਆ ਕਾਲੀਆਂ ਕਰਤੂਤਾਂ ਉਤੇ ਪਰਦਾ ਪਾਣ ਲਈ ਹਿੰਦੁਸਤਾਨ ਦੀ ਫਰੰਗੀ ਸਰਕਾਰ ਨੂੰ ਪਹਿਲੋਂ ਭੜਕਾਇਆ ਹੋਇਆ ਸੀ। ਭਾਵੇਂ ਸਮੁੰਦਰ ਵਿਚ ਦੋ ਦਫ਼ਾ ਸਾਰੇ ਜਹਾਜ਼ ਦੀ ਚੰਗੀ ਤਰ੍ਹਾਂ ਤਲਾਸ਼ੀ ਲਈ ਗਈ ਸੀ ਫੇਰ ਵੀ ਅਫਸਰਾਂ ਨੇ ਮੁਸਾਫਰਾਂ ਨਾਲ ਬਜਬਜ ਘਾਟ ਤੇ ਉਤਰਨ ਸਮੇਂ ਜ਼ਰੂਰਤ ਤੋਂ ਜ਼ਿਆਦਾ ਸਖਤੀ ਵਰਤੀ।

ਨਾਟਕ ਵਿਚ ਧਿਆਨਯੋਗ ਗਲ ਮੁਸਾਫਰਾਂ ਦੇ ਜੀਵਨ ਤੇ ਖਿਆਲਾਂ ਵਿਚ ਪਰਿ-ਵਰਤਨ ਹੈ। ਕਿਸ ਤਰ੍ਹਾਂ ਸਿਆਸੀ ਸੂਝ ਤੋਂ ਸਖਣੇ ਸਾਧਾਰਣ ਮੁਸਾਫਰ ਭੈੜੇ ਵਰਤਾਓ ਕਾਰਨ ਅਤੇ ਅਸਹਿ ਕਸ਼ਟ ਸਹਾਰ ਕੇ ਅੰਤ ਵਿਚ ਰਾਜਨੀਤਕ ਤੌਰ ਤੇ ਸੁਚੇਤ ਹੋ ਜਾਂਦੇ ਹਨ। ਇਥੋਂ ਤਕ ਕਿ ਦੇਸ਼ ਖਾਤਰ ਤਨ ਮਨ ਕੁਰਬਾਨ ਕਰਨ ਲਈ ਤਤਪਰ ਹੋ ਜਾਂਦੇ ਹਨ।

ਦਿਲੋਂ ਧੰਨਵਾਦੀ ਹਾਂ ਸ੍ਰੀਮਤੀ ਤੇ ਗਿਆਨੀ ਕੇਸਰ ਸਿੰਘ ਅਤੇ ਸ. ਤਾਰਾ ਸਿੰਘ ਹੇਅਰ ਦਾ ਜਿਨ੍ਹਾਂ ਨੇ ਮੈਨੂੰ ਇਹ ਨਾਟਕ ਲਿਖਣ ਲਈ ਪ੍ਰੇਰਿਆ, ਪ੍ਰੋ: ਬੀ. ਐਮ ਸ਼ਾਹ ਦਾ ਜਿਨ੍ਹਾਂ ਨੇ ਨਾਟਕ ਖੇਡਣ ਲਈ ਸਕ੍ਰਿਪਟ ਤਿਆਰ ਕਰਨ ਲਈ ਮੈਨੂੰ ਟੁੰਬਿਆ ਅਤੇ ਉਨ੍ਹਾਂ ਸਭ ਕਲਾਕਾਰਾਂ ਦਾ ਖਾਸ ਕਰਕੇ ਨਿਰਦੇਸ਼ਕ, ਨਿਰਮਾਤਾ ਅਤੇ ਮੈਨੇਜਿੰਗ ਡਾਇਰੈਕਟਰ ਦਾ ਜਿਨ੍ਹਾਂ ਨੇ ਨਾਟਕ ਨੂੰ ਰੰਗ ਮੰਚ ਤੇ ਸਜੀਵ ਕੀਤਾ।

1048/15-ਬੀ
ਚੰਡੀਗੜ੍ਹ-160015

ਹਰਚਰਨ ਸਿੰਘ



# ਨਾਟਕ ਖੇਡਣ ਬਾਰੇ ਕੁਝ ਸੁਝਾ

ਆਪਣੇ ਹੋਰ ਨਾਟਕਾਂ ਵਾਂਗ 'ਕਾਮਾਗਾਟਾ ਮਾਰੂ' ਨੂੰ ਵੀ ਰੰਗ ਮੰਚ ਤੇ ਖੇਡਣ ਲਈ ਲਿਖਿਆ ਹੈ। ਛਪਣ ਤੋਂ ਪਹਿਲਾਂ ਇਹ ਦੋ ਦਫ਼ਾ ਚੰਡੀਗੜ੍ਹ ਵਿਚ ਸਫਲਤਾ ਨਾਲ ਪੇਸ਼ ਹੋਇਆ ਸੀ। ਤੀਜੀ ਵਿਸ਼ਵ ਪੰਜਾਬੀ ਕਾਨਫਰੰਸ ਦੇ ਮੌਕੇ ਤੇ ਇਹ ਬੈਂਕਾਕ ਵਿਚ ਵੀ ਖੇਡਿਆ ਗਿਆ ਸੀ। ਦੋਵੇਂ ਥਾਂਵਾ ਤੇ ਸ੍ਰੀ ਰਾਕੇਸ਼ ਦੱਤਾ ਤੇ ਹਰਬਖਸ਼ ਲਾਟਾ ਨੇ ਇਸ ਨੂੰ ਨਿਰਦੇਸ਼ਿਤ ਕੀਤਾ ਸੀ।

ਨਾਟਕ ਦੀ ਪੇਸ਼ਕਾਰੀ ਅਜ ਤਕਨੀਕੀ ਗਿਆਨ ਅਤੇ ਵਿਗਿਆਨਕ ਸਾਧਨਾਂ ਤੇ ਕਾਫੀ ਨਿਰਭਰ ਕਰਦੀ ਹੈ। ਸਹਾਰੇ ਤੇ ਸਾਧਨਾਂ ਦੇ ਬਾਵਜੂਦ ਮੰਚ ਉਤੇ ਅਦਾਕਾਰ ਦੀ ਪਰਧਾਨਤਾ ਹੁੰਦੀ ਹੈ। ਇਕ ਕਾਮਲ ਐਕਟਰ ਬਿਨਾਂ ਸਾਜ਼-ਸਾਮਾਨ ਦੇ ਦਰਸ਼ਕਾਂ ਨੂੰ ਸੰਤੁਸ਼ਟ ਕਰ ਸਕਦਾ ਹੈ। ਪਰ ਇਤਿਹਾਸਕ ਨਾਟਕ ਦੀ ਗਲ ਹੋਰ ਹੈ। ਉਸ ਦੀ ਪੇਸ਼-ਕਾਰੀ ਲਈ ਨਿਰਦੇਸ਼ਕ ਤੇ ਨਿਰਮਾਤਾ ਨੂੰ ਕੁਝ ਵਿਸ਼ੇਸ਼ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਪਹਿਲੀ ਵੱਡੀ ਮੁਸ਼ਕਲ ਉਸ ਨੂੰ ਜਚਦੇ ਮਿਚਦੇ ਪਾਤਰਾਂ ਦੀ ਚੋਣ ਕਰਨ ਦੀ ਹੁੰਦੀ ਹੈ। 'ਕਾਮਾਗਾਟਾ ਮਾਰੂ ਵਿਚ ਦੋ ਦਰਜਨ ਤੋਂ ਉਤੋ ਪਾਤਰ ਹਨ। ਪਰ ਚੰਡੀਗੜ੍ਹ ਦੀ ਪੇਸ਼ਕਾਰੀ ਸਮੇਂ ਇਕ ਦਰਜਨ ਪਾਤਰਾਂ ਨਾਲ ਕੰਮ ਚਲਾਇਆ ਗਿਆ ਸੀ ਅਤੇ ਬੈਂਕਾਕ ਵਿਚ ਸਿਰਫ ਛੇ ਪਾਤਰਾਂ ਨਾਲ। ਹਰ ਇਕ ਪਾਤਰ ਨੂੰ ਦੋ ਦੋ ਤਿੰਨ ਤਿੰਨ ਰੋਲ ਦੇ ਕੇ ਕੰਮ ਚਲਾ ਲੈਣਾ ਹੋਰ ਗਲ ਹੈ ਪਰ ਨਾਟਕ ਦੀ ਪੂਰਨ ਸਮਰਥਾ ਨੂੰ ਉਜਾਗਰ ਕਰਨ ਲਈ ਕਈ ਨਾਟਕ ਵਿਧੀਆਂ ਤੇ ਰੰਗ ਕਰਮੀਆਂ ਦੇ ਸਹਿਯੋਗ ਦੀ ਲੋੜ ਪੈਂਦੀ ਹੈ। ਇਸ ਨਾਟਕ ਵਿਚ ਕੁਝ ਜਾਣੀਆਂ ਪਛਾਣੀਆਂ ਇਤਿਹਾਸਕ ਹਸਤੀਆਂ ਹਨ, ਜਿਵੇਂ ਬਾਬਾ ਗੁਰਦਿਤ ਸਿੰਘ, ਸੋਹਨ ਸਿੰਘ ਭਕਨਾ, ਕਰਤਾਰ ਸਿੰਘ ਸਰਾਭਾ, ਮੇਵਾ ਸਿੰਘ ਲੋਪੋਕੇ, ਭਾਈ ਭਗਵਾਨ ਸਿੰਘ ਆਦਿ। ਅਜੇਹੇ ਪਾਤਰਾਂ ਦੀਆਂ ਆਮ ਮਿਲਦੀਆਂ ਫੋਟੋਆਂ ਨਾਲ ਮਿਲਦੇ ਜੁਲਦੇ ਪਾਤਰ ਲਭਣੇ ਜ਼ਰੂਰੀ ਹੋ ਜਾਂਦੇ ਹਨ। ਇਸ ਮਾਮਲੇ ਵਿਚ ਭਾਵੇਂ ਮਾਹਰ ਮੇਕਆਪ ਮੈਨ ਕਾਫੀ ਸਹਾਇਤਾ ਕਰ ਸਕਦਾ ਹੈ, ਫੇਰ ਵੀ ਕਦ ਕਾਠ ਅਨੁਸਾਰ ਢੁਕਵੇਂ ਪਾਤਰ ਲਭਣ ਦੀ ਮੁਸ਼ਕਲ ਪੇਸ਼ ਆਉਂਦੀ ਹੈ।

ਦੂਜੀ ਵੱਡੀ ਔਂਕੜ ਵੇਸ਼ ਭੂਸ਼ਾ ਦੀ ਹੈ। 1914 ਅਤੇ ਅਜ ਦੇ ਜੀਵਨ ਢੰਗ ਤੇ ਪਹਿਰਾਵੇ ਵਿਚ ਜ਼ਮੀਨ ਅਸਮਾਨ ਦਾ ਫਰਕ ਹੈ। ਯੋਕੋਹਾਮਾ ਦੀਆਂ ਦੋ ਝਾਕੀਆਂ ਵਿਚ ਜਾਪਾਨੀ ਜੀਵਨ ਤੇ ਰਹਿਣੀ ਬਹਿਣੀ ਦਾ ਝੌਲਾ ਅਸੀਂ ਚੰਗੀ ਤਰ੍ਹਾਂ ਪਾ ਸਕੇ ਸਾਂ, ਕਿਉਂਕਿ ਸ੍ਰੀ ਐਚ. ਐਸ. ਭੱਟੀ ਜਾਪਾਨੀ ਜੀਵਨ ਤੇ ਭਾਸ਼ਾ ਤੋਂ ਜਾਣੂ ਸਨ। ਕੌਸਟੀਊਮ ਦੇ ਮਾਮਲੇ ਵਿਚ ਸਮਕਾਲੀ ਫੋਟੋਜ਼, ਸਚਿੱਤ੍ਰ ਇਤਿਹਾਸਕ ਪੁਸਤਕਾਂ ਅਤੇ ਵੇਸ ਭੂਸ਼ਾ ਦੇ ਵਿਸ਼ੇਸ਼ ਗ੍ਰੰਥਾਂ ਦਾ ਅਧਿਐਨ ਕਰਨਾ ਵੀ ਜ਼ਰੂਰੀ ਹੋ ਜਾਂਦਾ ਹੈ।

ਅਗਲੀ ਵੱਡੀ ਮੁਸ਼ਕਲ ਮੰਚ ਸਜਾ ਜਾਂ ਸਟੇਜ ਸੈਟਿੰਗ ਦੀ ਆਉਂਦੀ ਹੈ। ਨਾਟਕ ਦੀਆਂ ਘਟਨਾਵਾਂ ਚਾਰ ਮੁਲਕਾਂ ਦੇ ਚਾਰ ਮਹਾਂ ਨਗਰਾਂ ਵਿਚ ਵਾਪਰਦੀਆਂ ਹਨ: ਹਾਂਗ-ਕਾਂਗ, ਯੋਕੋਹਾਮਾ, ਵੈਨਕੂਵਰ ਅਤੇ ਕਲਕੱਤਾ। ਚੌਹਾਂ ਵਿਚੋਂ ਤਿੰਨ ਸ਼ਹਿਰ ਤਾਂ ਉਸ ਵਕਤ ਅੰਗ੍ਰੇਜ਼ੀ ਸਾਮਰਾਜ ਦੇ ਕਰੜੇ ਜੂਲ੍ਹੇ ਥੱਲੇ ਸਨ। ਤਿੰਨਾਂ ਥਾਵਾਂ ਤੇ ਯੂਨੀਅਨ ਜੈਕ ਹੀ ਝੁਲਦਾ ਸੀ, ਸੂਰਜ ਭਾਵੇਂ ਉੱਥੇ ਵਾਰੋ ਵਾਰੀ ਛੁਪਦਾ ਸੀ।

ਘਟਨਾ ਸਥਾਨ ਘਟ ਤੋਂ ਘਟ ਰਖਣ ਦਾ ਮੈਂ ਸੁਚੇਤ ਯਤਨ ਕੀਤਾ ਹੈ। ਮੁਢਲਾ ਦ੍ਰਿਸ਼ (ਆਦਿਕਾ) ਮੈਂ ਕੈਨੇਡਾ ਵਿਚ ਵਸਦੇ ਇਕ ਪੰਜਾਬੀ ਘਰ ਦਾ ਵਿਹੜਾ ਰਖਿਆ ਹੈ ਜੋ ਮੰਚ-ਸਜਾ ਦੇ ਪ੍ਰਬੰਧਕ ਲਈ ਕੋਈ ਖਾਸ ਮੁਸ਼ਕਲ ਪੇਸ਼ ਨਹੀਂ ਕਰ ਸਕਦਾ। ਪਹਿਲਾ ਦ੍ਰਿਸ਼ ਸਮੁੰਦਰ ਦੇ ਕੰਢੇ ਵਾਪਰਦਾ ਹੈ। ਹਾਂਗਕਾਂਗ ਬੀਚ ਦੇ ਸਾਈਨ-ਬੋਰਡ ਨਾਲ ਕੰਮ ਚਲਾਇਆ ਜਾ ਸਕਦਾ ਹੈ। ਜਾਪਾਨ ਦੀ ਪ੍ਰਸਿਧ ਬੰਦਰਗਾਹ ਯੋਕੋਹਾਮਾ ਵਿਚ ਜਹਾਜ਼ ਜਾਂਦਿਆਂ ਤੇ ਵਾਪਸੀ ਤੇ ਕੁਝ ਦਿਨ ਰੁਕਦਾ ਹੈ। ਦੋਵੇਂ ਦ੍ਰਿਸ਼ਾਂ ਵਿਚ ਇਕੋ ਸੈਟਿੰਗ ਰੱਖੀ ਜਾ ਸਕਦੀ ਹੈ। ਵੈਨਕੂਵਰ ਵਿੱਚ ਤਿੰਨ ਥਾਵਾਂ ਤੇ ਕਾਰਜ ਵਾਪਰਦਾ ਹੈ। ਬਹੁਤੀਆਂ ਘਟਨਾਵਾਂ ਜਹਾਜ਼ ਦੇ ਡੈੱਕ ਉੱਪਰ ਰੱਖੀਆਂ ਗਈਆਂ ਹਨ। ਵੈਨਕੂਵਰ ਵਿਚ ਵਸਦੇ ਪੰਜਾਬੀਆਂ ਦੀ ਮੈਂ ਕੇਵਲ ਇਕ ਝਾਕੀ ਹੀ ਰੱਖੀ ਹੈ ਉਹ ਵੀ ਸਮੁੰਦਰ ਦੇ ਕੰਢੇ। ਇਸੇ ਤਰ੍ਹਾਂ ਸਿਰਫ ਦੋ ਦ੍ਰਿਸ਼ ਇਮੀਗ੍ਰੇਸ਼ਨ ਮਹਿਕਮੇ ਦੇ ਦਫਤਰ ਦੇ ਅੱਗੇ ਵਾਪਰਦੇ ਹਨ। ਆਦਿਕਾ ਵਾਲੀ ਸੈਟਿੰਗ ਵਿਚ ਪਰਦਿਆਂ ਦਾ ਫਰਕ ਪਾ ਕੇ ਦਫਤਰ ਦੇ ਇਕ ਸਾਈਨ-ਬੋਰਡ ਨਾਲ ਸਹਿਜੇ ਕੰਮ ਚਲਾਇਆ ਜਾ ਸਕਦਾ ਹੈ।

'ਕਾਮਾਗਾਟਾ ਮਾਰੂ' ਦੇ ਖੇਡਣ ਬਾਰੇ ਮੇਰੇ ਸੁਝਾ ਸੰਕੇਤ ਮਾਤਰ ਹੀ ਹਨ। ਹਰ ਨਿਰਦੇਸ਼ਕ ਨਾਟਕ ਨੂੰ ਆਪਣੀ ਸੂਝ ਬੂਝ ਤੇ ਅਧਿਐਨ ਅਨੁਸਾਰ ਨਵੇਂ ਸਿਰੇ ਤੋਂ ਵਿਚਾਰਦਾ ਅਤੇ ਵਿਉਂਤਦਾ ਹੈ, ਨਾਟਕ ਦੇ ਕੇਂਦਰੀ ਨੁਕਤੇ ਨੂੰ ਉਭਾਰਨ ਲਈ ਉਹ ਮੰਚ-ਸਜਾ, ਰੌਸ਼ਨੀ, ਸੰਗੀਤ, ਵੇਸ਼ ਭੂਸ਼ਾ ਦੇ ਮਾਹਰਾਂ ਦਾ ਸਹਿਯੋਗ ਪ੍ਰਾਪਤ ਕਰਦਾ ਹੈ। ਚੰਡੀਗੜ੍ਹ ਦੀ ਪੇਸ਼ਕਾਰੀ ਸਮੇਂ ਰਾਕੇਸ਼ ਦੱਤਾ ਅਤੇ ਹਰਬਖਸ਼ ਲਾਟਾ ਨੇ ਅਸਲੋਂ ਸੁਝਾਊ ਸੈਟਿੰਗ ਰੱਖੀ ਸੀ ਮੰਚ ਦੇ ਅਧ ਵਿਚਕਾਰ ਤਿੰਨ ਪਧਰਾਂ ਵਾਲੇ ਚਬੂਤਰੇ ਉੱਤੇ ਹੀ ਸਾਰੇ ਦ੍ਰਿਸ਼ ਪੇਸ਼ ਕੀਤੇ ਸਨ। ਦਰਸ਼ਕਾਂ ਨੂੰ ਕਲਪਤ ਤੌਰ ਤੇ ਇਤਿਹਾਸਕ ਘਟਨਾਵਾਂ ਨਾਲ ਜੋੜਨ ਲਈ



ਵਖ ਵਖ ਥਾਵਾਂ ਦੇ ਸੰਕੇਤ ਮਾਤਰ ਸਾਈਨ ਬੋਰਡ ਰੱਖੇ ਗਏ ਸਨ।

ਰੰਗ ਮੰਚ ਉੱਤੇ ਅਸਲ ਰੰਗ ਤਾਂ ਅਦਾਕਾਰ ਪੈਦਾ ਕਰਦਾ ਹੈ। ਇਕ ਮਾਹਰ ਐਕਟਰ ਬਿਨਾ ਸੰਗ ਸਹਾਰੇ ਦੇ ਵਾਤਾਵਰਣ ਅਤੇ ਸਮਾਂ ਬੰਨ ਦਿੰਦਾ ਹੈ। ਫੇਰ ਵੀ ਸਾਧਾਰਣ ਦਰਸ਼ਕਾਂ ਉੱਤੇ ਲੋੜੀਂਦਾ ਪ੍ਰਭਾਵ ਪਾਉਣ ਲਈ ਸਟੇਜ ਸੈਟਿੰਗ ਤੇ ਹੋਰ ਵਿਧੀਆਂ ਦੀ ਲੋੜ ਪੈਂਦੀ ਹੈ। ਦੁਖਾਂਤ ਵਿਚ ਪ੍ਰਭਾਵ ਨੂੰ ਤੀਬਰ ਕਰਨ ਲਈ ਸੰਗੀਤ ਦੀ ਅਵਸ਼ਕਤਾ ਹੁੰਦੀ ਹੈ। ਢਾਡੀ ਇਕ ਕੋਨੇ ਵਿਚ ਖੜੇ ਕਰਨੇ ਚਾਹੀਦੇ ਹਨ। ਉਨ੍ਹਾਂ ਨੂੰ ਸਪੌਟ ਰੌਸ਼ਨੀ ਨਾਲ ਪ੍ਰਗਟ ਜਾਂ ਅਲੋਪ ਕੀਤਾ ਜਾ ਸਕਦਾ ਹੈ। ਢਾਡੀਆਂ ਦੇ ਵਾਰ ਗਾਣ ਸਮੇਂ ਨਿਰਮਲ ਬੂਹੇ ਵਿਚ ਪਾਗਲਪੁਣੇ ਦੀ ਹਾਲਤ ਵਿਚ ਖੜੀ ਦਿਖਾਈ ਜਾ ਸਕਦੀ ਹੈ।

# ਕਾਮਾਗਾਟਾ ਮਾਰੂ

(ਚੰਡੀਗੜ੍ਹ ਵਿਚ ਪਹਿਲੀ ਪੇਸ਼ਕਾਰੀ ਸਮੇਂ)

## ਰੰਗ ਮੰਚ ਉੱਤੇ

(ਪ੍ਰਵੇਸ਼ ਕਰਮ ਅਨੁਸਾਰ)

| | | |
|---|---|---|
| ਨਿਰਮਲ | : | ਨਿੰਮੀ |
| ਮੇਵਾ ਸਿੰਘ ਲੱਪੋਕੇ | : | ਜਰਨੈਲ ਰਾਜਗੜ੍ਹੀ |
| ਮਾਂ | : | ਮਿਸਿਜ਼ ਹਰਚਰਨ ਸਿੰਘ |
| ਪਿਤਾ | : | ਰਵਿੰਦਰ ਹੈਪੀ |
| ਡਾਕਟਰ | : | ਰਾਮੇਸ਼ ਭਾਰਦਵਾਜ |
| ਫੌਜੀ | : | ਬਲਜੀਤ ਬਾਲਾ |
| ਕਰਮਾ | : | ਸੰਜੀਵ ਸੁਖਦੇਵ |
| ਬਾਰੂ | : | ਦਰਸ਼ਨ ਬੜੀ |
| ਏਜੰਟ | : | ਅਨੀਲ ਸ਼ਰਮਾ |
| ਗੁਰਦਿਤ | : | ਜਸਪਾਲ ਢਿੱਲੋਂ |
| ਜਾਪਾਨਣ | : | ਨਿਰਮਲ |
| ਜਾਪਾਨੀ | : | ਰਾਕੇਸ਼ ਦੱਤਾ |
| ਗਿਆਨੀ ਭਗਵਾਨ | : | ਮਹਿੰਦਰ ਸਿੰਘ |
| ਮੌਲਵੀ ਬਰਕਤੁੱਲਾ | : | ਜਰਨੈਲ ਰਾਜਗੜ੍ਹੀ |
| ਹੌਪਕਿਨਸਨ | : | ਰੁਦਰ ਪ੍ਰਤਾਪ |
| ਬੇਲਾ ਸਿੰਘ | : | ਕੁਲਵੰਤ ਸਿੰਘ |
| ਮੀਰ ਮਹੁੰਮਦ | : | ਰਾਮੇਸ਼ ਭਾਰਦਵਾਜ |




| | | |
|---|---|---|
| ਬਾਗੀ ਮੁਸਾਫਰ | : | ਲਖਸ਼ਵਿੰਦਰ |
| ਭਾਈ ਭਾਗ ਸਿੰਘ | : | ਮਹਿੰਦਰ ਸਿੰਘ |
| ਹਸਨ ਰਹੀਮ | : | ਜਰਨੈਲ |
| ਸੋਹਨ ਲਾਲ | : | ਰਾਕੇਸ਼ |
| ਸੋਹਨ ਸਿੰਘ ਭਕਨਾ | : | ਨਰਿੰਦਰ ਸਿੰਘ |
| ਕਰਤਾਰ ਸਿੰਘ ਸਰਾਭਾ | : | ਰਾਕੇਸ਼ ਦੱਤਾ |
| ਸੁੱਖਾ ਸਿੰਘ | : | ਮਹਿੰਦਰ ਸਿੰਘ |
| ਈਸਟਵੁਡ | : | ਰੁਦਰ ਪ੍ਰਤਾਪ |

ਕੁਝ ਹੋਰ ਮੁਸਾਫਰ


## ਪਰਦੇ ਦੇ ਪਿੱਛੇ

| | | |
|---|---|---|
| ਨਾਟਕਕਾਰ | : | ਡਾ: ਹਰਚਰਨ ਸਿੰਘ |
| ਨਿਰਦੇਸ਼ਕ | : | ਸ੍ਰੀ ਰਾਕੇਸ਼ ਦੱਤਾ ਤੇ ਹਰਬਖਸ਼ ਲਾਟਾ |
| ਨਿਰਮਾਤਾ | : | ਸ੍ਰੀ ਐਚ. ਐਸ. ਭੱਟੀ |
| ਮੈਨੇਜਿੰਗ ਡਾਇਰੈਕਟਰ | : | ਸੰਜੀਵ ਬਖਸ਼ੀ |
| ਸੰਗੀਤ ਨਿਰਦੇਸ਼ਕ | : | ਐਚ. ਐਮ. ਸਿੰਘ |
| ਮੇਕ-ਅਪ | : | ਬਲਜੀਤ ਬਾਲਾ |
| ਵੇਸ਼-ਭੂਸ਼ਾ ਇਨਚਾਰਜ | : | ਨਿਰਮਲ ਤੇ ਹੈਪੀ |
| ਰੌਸ਼ਨੀ | : | ਹਰਬਖਸ਼ ਲਾਟਾ ਤੇ ਜ਼ਖਮੀ |
| ਸਟੇਜ-ਪ੍ਰਬੰਧ | : | ਸਤਪਾਲ ਤੇ ਲਖਸ਼ਵਿੰਦਰ |




ਬਾਬਾ ਗੁਰਦਿਤ ਸਿੰਘ

ਕਾਮਾਗਾਟਾ ਮਾਰੂ ਦਾ ਨਾਇਕ



ਕਾਮਾਗਾਟਾ ਮਾਰੂ ਦੀ ਪੇਸ਼ਕਾਰੀ ਦਾ ਇਕ ਦ੍ਰਿਸ਼



ਚੰਡੀਗੜ੍ਹ ਵਿਚ ਖੇਡਣ ਸਮੇਂ ਦਾ ਇਕ ਦ੍ਰਿਸ਼



ਚੰਡੀਗੜ੍ਹ ਵਿਚ ਨਾਟਕ ਦੀ ਪੇਸ਼ਕਾਰੀ ਦਾ ਇਕ ਹੋਰ ਦ੍ਰਿਸ਼



# ਆਰੰਭਿਕਾ

ਸਮਾਂ : ਵਰਤਮਾਨ ਕਾਲ

ਸਥਾਨ : ਵੈਨਕੂਵਰ ਕੈਨੇਡਾ

ਮੰਚ-ਦ੍ਰਿਸ਼ : ਇਕ ਪੰਜਾਬੀ ਘਰ ਦਾ ਪਿਛਲਾ ਵਰਾਂਡਾ ਜਿਸ ਦੇ ਅੱਗੇ ਸਰ-ਸਬਜ਼ ਕਿਚਨ ਗਾਰਡਨ ਹੈ। ਵਰਾਂਡੇ ਵਿਚ ਦੋ ਕਮਰਿਆਂ ਦੇ ਬੂਹੇ ਖੁਲ੍ਹਦੇ ਹਨ।

ਪਰਦਾ ਉੱਠਣ ਤੋਂ ਪਹਿਲਾਂ ਰਿਵਾਲਵਰ ਦੇ ਚਲਣ ਦੀ ਦੋ ਦਫ਼ਾ ਆਵਾਜ਼! ਫੇਰ ਹਫੜਾ ਦਫੜੀ ਅਤੇ ਭਾਜੜ ਦਾ ਡਰਾਉਣਾ ਵਾਤਾਵਰਣ। ਨਾਲ ਦੀ ਨਾਲ "ਹਾਏ ਹਾਏ" ਦੇ ਸ਼ਬਦ।

ਪਿੱਛੋਂ ਚੀਖਵੀਂ ਆਵਾਜ਼ : ਦੇਅਰ ਸਟੈਂਡ ਦਾ ਬਲਡੀ ਮਰਡਰਰ! ਕੈਚ ਹਿਮ, ਅਰੈਸਟ ਦਾ ਬਾਸਟਰਡ !!

ਵਰਾਂਡੇ ਦੇ ਸੱਜੇ ਬੂਹੇ ਵਿਚਕਾਰ ਪੰਝੀਆਂ ਕੁ ਸਾਲਾਂ ਦੀ ਇਕ ਲੜਕੀ ਖੁਲ੍ਹੇ ਵਾਲੀਂ ਸਖਤ ਘਬਰਾਹਟ ਤੇ ਹੈਰਾਨੀ ਵਿਚ ਮੂੰਹ ਅੱਡੀ ਖੜੀ ਦਿਸਦੀ ਹੈ। ਉਸ ਦੇ ਚਿਹਰੇ ਦੇ ਭਾਵਾਂ ਤੋਂ ਇਉਂ ਲਗਦਾ ਹੈ ਕਿ ਉਸ ਨੂੰ ਕੋਈ ਅਤੀ ਡਰਾਉਂਣਾ ਦ੍ਰਿਸ਼ ਦਿਖਾਈ ਦੇ ਰਿਹਾ ਹੈ ਤਾਂਹੀ ਉਹ ਅਜੀਬ ਹਿਸਟੀਰੀਕਲ ਹਾਲਤ ਵਿਚ ਲਗਦੀ ਹੈ।

**ਨਿਰਮਲ**

ਹੈਂ ! ਉਹ ਕੌਣ ਹੈ ? ਕਿਧਰੇ ਦੇਖਿਆ ਹੋਇਆ ਏ !!

ਮੱਧਮ ਰੌਸ਼ਨੀ ਵਿਚ ਇਕ ਮਰਦ ਦਾ ਆਕਾਰ ਦਿਖਾਈ ਦਿੰਦਾ ਹੈ। ਉਸ ਦੇ ਹੱਥ ਵਿਚ ਰਿਵਾਲਵਰ ਹੈ। ਇਕ ਬੰਦਾ ਖ਼ੂਨ ਨਾਲ ਲਥ ਪਥ ਫਰਸ਼ ਤੇ ਪਿਆ ਤੜਫ ਰਿਹਾ ਹੈ।

**ਮੇਵਾ ਸਿੰਘ**

ਮੈਂ ਹਾਂ ਮੇਵਾ ਸਿੰਘ ਲੋਪੋਕੇ। ਆਓ ਮੈਨੂੰ ਗ੍ਰਿਫ਼ਤਾਰ ਕਰੋ। (ਰਿਵਾਲਵਰ ਪਰੇ ਵਗਾਹ ਕੇ ਸੁਟਦਾ ਹੋਇਆ) ਮੈਂ ਹੀ ਮਾਰਿਆ ਹੈ ਸਾਮਰਾਜ ਦੇ ਇਸ ਨੀਚ ਮੋਹਰੇ ਹੌਪਕਿਨਸਨ ਨੂੰ। ਮਨੁੱਖਤਾ ਅਤੇ ਹਿੰਦੁਸਤਾਨ ਦੇ ਏਸ ਜਾਨੀ ਦੁਸ਼ਮਣ ਨੂੰ। ਇਸ ਦੀਆਂ ਘ੍ਰਿਣਤ ਸਾਜ਼ਿਸ਼ਾਂ ਕਰਕੇ ਰਬ ਦੇ ਘਰ ਵਿਚ ਗੋਲੀ ਚੱਲੀ। ਗੁਰੂ ਗ੍ਰੰਥ ਸਾਹਿਬ ਦੇ ਤਾਬਿਆਂ ਬੈਠਾ ਗ੍ਰੰਥੀ ਅਤੇ ਭਾਈ ਭਾਗ ਸਿੰਘ ਸ਼ਹੀਦ ਹੋਏ।

**ਨਿਰਮਲ**

(ਆਪ ਮੁਹਾਰੀ) ਹੈਂ ! ਐਨਾ ਜ਼ਲੀਲ ਆਦਮੀ ਸੀ ? ਚੰਗਾ ਕੀਤਾ; ਧਰਤੀ ਨੂੰ ਕਪਟੀ ਦੇ ਭਾਰ ਤੋਂ ਮੁਕਤ ਕੀਤਾ ।

**ਮੇਵਾ ਸਿੰਘ**

ਏਸ ਸ਼ਖ਼ਸ਼ ਦੀਆਂ ਕੋਝੀਆਂ ਹਰਕਤਾਂ ਕਰਕੇ ਕਾਮਾਗਾਟਾ ਮਾਰੂ ਦੇ ਮੁਸਾਫ਼ਰਾਂ ਨੇ ਅਕਹਿ ਕਸ਼ਟ ਸਹਾਰੇ। ਪੂਰੇ ਦੋ ਮਹੀਨੇ ਉਨ੍ਹਾਂ ਗਰੀਬਾਂ ਨਾਲ ਗੈਰ-ਇਨਸਾਨੀ ਸਲੂਕ ਕੀਤਾ ਗਿਆ, ਭੁੱਖੇ ਤਿਹਾਏ ਮਾਰਨ ਦਾ ਸੁਚੇਤ ਜਤਨ ਕੀਤਾ ਗਿਆ। ਨਿਹੱਥੇ ਮੁਸਾਫ਼ਰਾਂ ਉੱਤੇ ਰਾਤ ਸਮੇਂ ਅਚਾਨਕ ਹਮਲਾ ਕੀਤਾ ਗਿਆ। ਡਰਾ ਧਮਕਾ ਕੇ ਵਾਪਸ ਮੁੜਨ ਲਈ ਮਜ਼ਬੂਰ ਕੀਤਾ ਗਿਆ। ਸੁਪਰੀਮ ਕੋਰਟ ਦੇ ਕਟਹਿਰੇ ਵਿਚ ਖੜੇ ਲੋਕੋ, ਸੁਣ ਲਓ, ਏਸ ਸ਼ਖਸ ਨੇ ਹਿੰਦੁਸਤਾਨ ਦੀ ਫਰੰਗੀ ਸਰਕਾਰ ਨੂੰ ਵੀ ਭੜਕਾਇਆ। ਬਜ ਬਜ ਘਾਟ ਉੱਤੇ ਆਪਣੀ ਧਰਤੀ ਉਤੇ ਹੀ ਨਿਰਦੋਸ਼ ਨਿਹੱਥੇ ਭੁੱਖੇ ਭਾਣੇ ਮੁਸਾਫਰਾਂ ਉੱਤੇ ਗੋਲੀਆਂ ਦਾ ਮੀਂਹ ਵਰ੍ਹਾਇਆ ਗਿਆ !

**ਨਿਰਮਲ**

ਬੰਦ ਕਰੋ, ਇਹ ਜ਼ੋਰ ਜ਼ੁਲਮ ਬੰਦ ਕਰੋ !

**ਅੰਦਰੋਂ ਆਵਾਜ਼**

ਕੀਹਦੇ ਨਾਲ ਗੱਲਾਂ ਕਰਦੀ ਐਂ !

**ਨਿਰਮਲ**

(ਅੱਖਾਂ ਮਲਦੀ ਹੋਈ) ਹਾਏ ! ਕਿੰਨਾ ਕਹਿਰ ਭਰਿਆ ਦ੍ਰਿਸ਼ ਸੀ। ਦੁਸ਼ਟਾਂ ਹੈਂਸਿਆਰਿਆਂ ਨੇ ਬੇ ਗੁਨਾਹ ਮੁਸਾਫਰਾਂ ਨੂੰ ਦਾਣਿਆਂ ਵਾਂਗ ਭੁੰਨ ਸੁਟਿਆ। ਦੇਖ ਕੇ ਕਾਲਜਾ ਮੂੰਹ ਨੂੰ ਆਉਂਦਾ ਏ।



ਪੰਜਾਬ ਦੇ ਭੋਲੇ ਭਾਲੇ ਕਿਸਾਨ, ਖੇਤ ਮਜ਼ਦੂਰ; ਕਾਮੇ, ਨਾਮ ਕਟੇ ਫੌਜੀ ਅਪਣੇ ਦਲਿੱਦਰ ਕੱਟਣ ਲਈ ਕਨੇਡਾ ਵਲ ਆਏ ਸਨ। ਪੂਰੇ ਦੋ ਮਹੀਨੇ ਉਨ੍ਹਾਂ ਦਾ ਜਹਾਜ਼ ਕੰਢੇ ਨਾ ਲਗਣ ਦਿੱਤਾ। ਪੰਜਾਬੀ ਯੋਧੇ ਭੁੱਖੇ ਤਿਹਾਏ ਜੱਦੋ ਜਿਹਦ ਕਰਦੇ ਰਹੇ। ਧੰਨ ਹਨ ਪੰਜਾਬੀਆਂ ਦੇ ਜਿਗਰੇ ! ਪੂਰੇ ਛੇ ਮਹੀਨਿਆਂ ਪਿਛੋਂ ਜਦੋਂ ਉਨ੍ਹਾਂ ਨੇ ਅਪਣੀ ਧਰਤੀ ਉੱਤੇ ਪੈਰ ਧਰਿਆ ਤਾਂ ਉਹਨਾਂ ਉਤੇ ਕਹਿਰ ਢਾਇਆ ਗਿਆ। ਮੈਂ ਪੁਛਦੀ ਹਾਂ ਕੀ ਦੋਸ਼ ਸੀ ਉਨ੍ਹਾਂ ਮਸੂਮਾਂ ਦਾ। ਕੀ ਦੇਸ਼ ਨੂੰ ਪਿਆਰ ਕਰਨਾ ਗੁਨਾਹ ਹੈ ? ਕੀ ਵਤਨ ਦੀ ਆਜ਼ਾਦੀ ਖਾਤਰ ਸੰਘਰਸ਼ ਕਰਨਾ ਦੇਸ਼-ਧਰੋਹ ਹੈ ? ਆਓ ਮੈਨੂੰ ਵੀ ਗੋਲੀ ਮਾਰੋ ਮੈਂ ਵੀ ਵਤਨ ਨੂੰ ਪਿਆਰ ਕਰਦੀ ਹਾਂ। ਜ਼ਾਲਮੋ ਰੁਕ ਕਿਉਂ ਗਏ, ਆਓ, ਮੈਨੂੰ ਵੀ ਮਾਰੋ।

ਵਿਹੜੇ ਵਲ ਛਾਤੀ ਤਾਣੀ ਵਧਦੀ ਹੈ।

**ਮਾਂ**

(ਛੇਤੀ ਛੇਤੀ ਅੰਦਰੋਂ ਆ ਕੇ ਉਹਦੇ ਅੱਗੇ ਖੜਦੀ ਹੋਈ) ਹਾਏ, ਮੈਂ ਮਰ ਜਾਂ। ਨਿਰਮਲ, ਕੀ ਹੋ ਗਿਆ ਤੈਨੂੰ, ਕਿੱਧਰ ਨੂੰ ਜਾ ਰਹੀ ਏਂ।

**ਨਿਰਮਲ**

ਮੱਮੀ ਓਹ ਵੇਖ ! (ਰੋਂਦੀ ਹੋਈ) ਹਿੰਦੀ ਵੀਰਾਂ ਨੂੰ ਕਿੱਦਾਂ ਗੋਲੀਆਂ ਨਾਲ ਭੁੰਨ ਸੁਟਿਆ ! ਏਦਾਂ ਤਾਂ ਕੋਈ ਕੁਤਿਆਂ ਬਿਲਿਆਂ ਨੂੰ ਨਹੀਂ ਮਾਰਦਾ।

**ਮਾਂ**

ਹੈਂ। ਕਿੱਥੇ ? ਤੂੰ ਤਾਂ ਸ਼ੁਦਾਈਆਂ ਵਾਲੀਆਂ ਗੱਲਾਂ ਕਰਦੀ ਏ। (ਹੌਲੀ) ਹਾਏ ਮੈਂ ਮਰ ਜਾਂ, ਕਿਤੇ ਇਹਦੇ ਦਮਾਕ ਨੂੰ ਧੁਪ ਤਾਂ ਨਹੀਂ ਚੜ ਗਈ। ਨਿਰਮਲ, ਚਲ ਅੰਦਰ।

**ਨਿਰਮਲ**

ਛਡ ਦੇਹ ਮੱਮੀ। ਗੁਲਾਮੀ ਦੇ ਜੀਣ ਨਾਲੋਂ ਮੌਤ ਕਿਤੇ ਚੰਗੀ ਏ।

**ਮਾਂ**

(ਜੱਫੀ ਵਿਚ ਲੈਣ ਦਾ ਯਤਨ ਕਰਦੀ ਹੋਈ) ਮੈਂ ਕਿਹਾ ਸੁਣਦੇ ਓ, ਛੇਤੀ ਬਾਹਰ ਆਓ)

ਅੰਦਰੋ ਪਾਠ ਦੀ ਆਵਾਜ਼ ਆਉਂਦੀ ਹੈ।

**ਅੰਦਰੋਂ ਆਵਾਜ਼**

ਕੀ ਹੋ ਗਿਐ ?

**ਮਾਂ**

ਪਾਠ ਫੇਰ ਕਰ ਲਿਓ। ਬਾਹਰ ਆ ਕੇ ਦੇਖੋ ਨਿਰਮਲ ਨੂੰ ਕੀ ਹੋ ਗਿਆ।

ਪਿਤਾ

(ਬਾਹਰ ਆਕੇ ਹੈਰਾਨੀ ਨਾਲ ਨਿਰਮਲ ਨੂੰ ਦੇਖਦਾ ਹੋਇਆ )

ਇਹਦੀਆਂ ਤਾਂ ਅੱਖਾਂ ਚੜੀਆਂ ਹੋਈਆਂ ਨੇ।

ਮਾਂ

ਝਟ ਪਟ ਜਾਓ, ਡਾਕਟਰ ਨੂੰ ਬੁਲਾ ਕੇ ਲਿਆਉ ।

ਪਿਤਾ

ਮੈਨੂੰ ਸਵੇਰ ਦੀਆਂ ਇਹਦੀਆਂ ਹਰਕਤਾਂ ਅਜੀਬ ਲਗਦੀਆਂ ਸਨ ।

ਮਾਂ

ਖੜੇ ਗੱਲਾਂ ਨਾ ਮਾਰੋ, ਜਾਓ ਡਾਕਟਰ ਨੂੰ ਬੁਲਾ ਕੇ ਲਿਆਉ ।

ਨਿਰਮਲ

ਮੱਮੀ, ਓਧਰ ਦੇਖ, ਕੌਣ ਖੜਾ ਏ ।

ਮਾਂ

ਹੈਂ ! ਨੀ, ਕਿੱਥੇ ? ਕੋਈ ਵੀ ਨਹੀਂ ।

ਨਿਰਮਲ

ਭੋਲੀਏ ਮਾਂ, ਤੇਰੇ ਮਨ ਦੀਆਂ ਅੱਖਾਂ ਨਹੀਂ

ਖੁਲੀਆਂ, ਪਤਾ ਉਹ ਮਹਾਂ ਪੁਰਸ਼ ਕੌਣ ਏ ?

ਮਾਂ

ਨੀ ਕਿਹੜਾ, ਕਿੱਥੇ ?

ਨਿਰਮਲ

ਓਹ ਦੇਖ ! ਇਹ ਹੈ ਕਾਮਾਗਾਟਾ ਮਾਰੂ ਦਾ ਹੀਰੋ, ਮਹਾਨ ਸੁਤੰਤਰਤਾ ਸੰਗਰਾਮੀ ਸੰਤ ਸਿਪਾਹੀ ਬਾਬਾ ਗੁਰਦਿਤ ਸਿੰਘ । ਕਿਸ ਮਾਂ ਨੇ ਜੰਮਣਾ ਅਜੇਹਾ ਬਹਾਦਰ ਸਪੂਤ ।

ਮਾਂ

ਧੀਏ, ਉਹ ਇਥੇ ਕਿਥੋਂ ਆ ਗਿਆ, ਉਹ ਤਾਂ ਵਿਚਾਰਾ ਕਦੋਂ ਦਾ ਮਰ ਖਪ ਗਿਆ ।

ਨਿਰਮਲ

ਮੱਮੀ; ਅਜੇਹੇ ਚੰਦਰੇ ਬੋਲ ਨਾ ਕੱਢ ਮੂੰਹੋਂ,

ਬਾਬਾ ਗੁਰਦਿਤ ਸਿੰਘ ਜ਼ਿੰਦਾ ਏ ਸਦਾ ਸਦਾ ਲਈ ਮਾਂ, ਭਗਤ ਤੇ ਸੂਰਮੇ ਕਦੇ ਨਹੀਂ ਮਰਦੇ । ਉਹ ਤਾਂ ਲੋਕਾਂ ਦੀ ਰੂਹ ਵਿਚ ਰਚ ਜਾਂਦੇ ਨੇ ।



ਮਾਂ

(ਹਥ ਮਲਦੀ ਹੋਈ) ਹਾਏ ਮੈਨੂੰ, ਮੈਂ ਕੀ ਕਰਾਂ !

ਇਹ ਤਾਂ ਕਮਲੀਆਂ ਗੱਲਾਂ ਮਾਰੀ ਜਾਂਦੀ ਐ ।

ਨਿਰਮਲ

ਮੱਮੀ, ਤੈਨੂੰ ਪਤਾ ਇਹ ਮਹਾਨ ਦੇਸ਼ ਭਗਤ ਬਜ ਬਜ ਘਾਟ ਦੇ ਖੂਨੀ ਸਾਕੇ ਵਿਚੋਂ ਕਿੱਦਾਂ ਬਚ ਨਿਕਲਿਆ ਸੀ ?

ਮਾਂ

ਧੀਏ, ਤੈਨੂੰ ਕਿਥੋਂ ਐਨੀਆਂ ਗੱਲਾਂ ਆ ਗਈਆਂ ।

ਨਿਰਮਲ

(ਕਮਲਿਆਂ ਵਾਂਗ ਤਾਲੀ ਮਾਰਕੇ ਹਸਦੀ ਹੋਈ)

ਫਰੰਗੀਆਂ ਦੀ ਅੱਖੀਂ ਘੱਟਾ ਪਾ ਕੇ । ਅਸਲ' ਚ ਮੱਮੀ, ਉਹ ਤਾਂ ਉਥੇ ਸ਼ਹੀਦ ਹੋਣਾ ਚਾਹੁੰਦਾ ਸੀ

ਪਰ ਸਾਥੀਆਂ ਨੇ ਇਹ ਨੂੰ ਨੱਸਣ ਲਈ ਮਜਬੂਰ ਕੀਤਾ । ਪਤਾ ਕਿਉਂ ?

ਮਾਂ

ਬਚੜੀਏ; ਮੈਨੂੰ ਕੀ ਪਤਾ ।

ਨਿਰਮਲ

ਉਨ੍ਹਾਂ ਕਿਹਾ ਦੁਨੀਆਂ ਨੂੰ ਉਹ ਖੂਨੀ ਸਾਕਾ ਦੱਸਣ ਲਈ ਉਸ ਜੋਧੇ ਦਾ ਜੀਂਦਾ ਰਹਿਣਾ ਜ਼ਰੂਰੀ ਏ । ਦੁਸ਼ਟਾਂ ਨੇ ਉਸ ਦੁਖਾਂਤ ਘਟਨਾ ਤੇ ਪਾਣੀ ਫੇਰ ਦੇਣਾ ਸੀ । ਮੱਮੀ, ਪੂਰੇ ਸਤ ਸਾਲ ਇਹ ਦੇਸ ਭਗਤ ਭੇਸ ਬਦਲ ਕੇ ਦੇਸ ਭਰ ਵਿਚ ਘੁੰਮਦਾ ਰਿਹਾ, ਲੋਕਾਂ ਦੇ ਦੁਖ ਦਰਦ ਦਿਲ ਤੇ ਖੰਡਾਂਦਾ ਰਿਹਾ, ਗੁਲਾਮੀ ਦੀਆਂ ਕਸਕਾਂ ਸਹਿੰਦਾ ਰਿਹਾ । ਸਰਕਾਰ ਤੇ ਪੁਲੀਸ ਨੂੰ ਚਕਮੇ ਦਿੰਦਾ ਰਿਹਾ ।

ਮਾਂ

(ਸਹਿਜ ਸੁਭਾ) ਅੱਛਾ !

ਨਿਰਮਲ

ਮਾਂ, ਉਸ ਦੀ ਇਕ ਰਿਸ਼ਤੇਦਾਰ ਨੇ ਮੈਨੂੰ ਦਸਿਆ ਸੀ ਇਹ ਭੇਸ ਬਦਲ ਕੇ ਖਾਲਸਾ ਕਾਲਜ, ਅੰਮ੍ਰਿਤਸਰ ਵਿਚ ਕੁਝ ਚਿਰ ਚਪੜਾਸੀ ਵੀ ਲੱਗਾ ਰਿਹਾ ।

ਮਾਂ

ਫਿਰ ਕਿੱਦਾਂ ਫੜਿਆ ਗਿਆ ?

ਨਿਰਮਲ

1921 ਵਿਚ ਮਹਾਤਮਾ ਗਾਂਧੀ ਨੂੰ ਅਹਿਮਦਾਬਾਦ ਵਿਚ ਜਾ ਕੇ ਮਿਲਿਆ।

ਮਾਂ

ਫੇਰ ?

ਨਿਰਮਲ

ਗਾਂਧੀ ਜੀ ਨੇ ਕਿਹਾ ਐਡੇ ਵੱਡੇ ਸੂਰਮੇ ਦਾ ਲੁਕ ਛਿਪ ਕੇ ਰਹਿਣਾ ਬੁਜ਼ਦਿਲੀ ਹੈ। ਤੂੰ ਕੋਈ ਅਪਰਾਧ ਨਹੀਂ ਕੀਤਾ। ਦੇਸ ਖਾਤਰ ਆਪਣਾ ਸਭ ਕੁਝ ਕੁਰਬਾਨ ਕੀਤਾ ਹੈ। ਤੈਨੂੰ ਸਗੋਂ ਫਰੰਗੀਆਂ ਦੇ ਜ਼ੋਰ ਜ਼ੁਲਮ ਤੇ ਕੁਟਲ ਨੀਤੀ ਨੂੰ ਨੰਗਾ ਕਰਨਾ ਚਾਹੀਦਾ ਹੈ। ਹੁਕਮ ਦਿੱਤਾ, ਤੂੰ ਫੌਰਨ ਪੰਜਾਬ ਜਾਹ, ਐਲਾਨ ਕਰਕੇ ਗ੍ਰਿਫਤਾਰੀ ਦੇਹ।

ਮਾਂ

ਫੇਰ ਕਿੱਦਾ, ਕਿੱਥੇ ਫੜਿਆ ਗਿਐ ?

ਨਿਰਮਲ

ਉਸੇ ਸਾਲ ਦਿਲੀ ਵਿਚ ਹੋਏ ਕਾਂਗਰਸ ਸੈਸ਼ਨ ਵਿਚ ਐਲਾਨ ਕੀਤਾ ਕਿ ਮੈਂ ਨਨਕਾਣੇ ਸਾਹਿਬ ਦੇ ਮੇਲੇ ਵਿਚ ਗ੍ਰਿਫਤਾਰੀ ਦਿਆਂਗਾ।

ਮਾਂ

ਪੁਲਸ ਨੇ ਉਸ ਨੂੰ ਨਨਕਾਣੇ ਕਿੱਦਾਂ ਜਾਣ ਦਿੱਤਾ ?

ਨਿਰਮਲ

ਭੰਗੀ ਜਮਾਦਾਰ ਦੇ ਭੇਸ ਵਿਚ ਉਹ ਜਨਮ ਸਥਾਨ ਪਹੁੰਚ ਗਿਆ। ਭਰੇ ਦੀਵਾਨ ਵਿਚ ਦੋ ਘੰਟੇ ਜ਼ੋਰਦਾਰ ਭਾਸ਼ਨ ਦਿੱਤਾ। ਕਾਮਾਗਾਟਾ ਮਾਰੂ ਦੀ ਪੂਰੀ ਗਾਥਾ ਦਸਣ ਪਿੱਛੋਂ ਕਿਹਾ, ਆਓ ਹੁਣ ਬੇਸ਼ਕ ਮੈਨੂੰ ਫੜੋ ਤੇ ਫਾਹੇ ਲਾ ਦਿਉ, ਮੈਂ ਆਪਣਾ ਫਰਜ਼ ਪੂਰਾ ਕਰ ਦਿਤਾ ਏ। ਹਜ਼ਾਰਾਂ ਲੋਕ ਜਲੂਸ ਵਿਚ ਸ਼ਾਮਲ ਹੋਏ, ਗਜ ਵਜ ਕੇ ਗ੍ਰਿਫਤਾਰੀ ਦਿੱਤੀ।

ਮਾਂ

ਅੱਛਾ ਮੈਨੂੰ ਤਾਂ ਅਜ ਪਤਾ ਲੱਗਾ ਉਹ ਐਨਾ ਭਾਰੀ ਜੋਧਾ ਸੀ।

ਨਿਰਮਲ

ਮੱਮੀ, ਏਸ ਅਦੁਤੀ ਦੇਸ਼ ਭਗਤ ਨੂੰ ਧਿਆਨ ਨਾਲ ਦੇਖ।

ਮਾਂ

ਧੀਏ, ਮੈਨੂੰ ਦਿਸੇ ਤਾਂ ਦੇਖਾਂ।

ਨਿਰਮਲ

ਮੱਮੀ, ਕੀ ਤੈਨੂੰ ਇਹ ਖੁਸ਼ ਖੁਸ਼ ਨਜ਼ਰ ਆਉਂਦਾ ਏ ?



ਮਾਂ

ਮੁੜ ਘਿੜ ਉਹੋ ਗਲ ! ਕਮਲੀ ਧੀ।

ਨਿਰਮਲ

ਮਮੀ, ਅਜ਼ਾਦੀ ਪਿੱਛੋਂ ਇਹਦੇ ਸੁਫਨਿਆਂ ਦਾ ਭਾਰਤ ਨਹੀਂ ਬਣਿਆ, ਸਭ ਕੁਰ-ਬਾਨੀਆਂ ਅਜਾਈਂ ਗਈਆਂ। ਤਾਂ ਹੀ ਹੋਰ ਸ਼ਹੀਦਾਂ ਵਾਂਗ ਇਹ ਵੀ ਸਖ਼ਤ ਉਦਾਸ ਹੈ।

ਮਾਂ

(ਬਾਹਰ ਵਲ ਦੇਖਦੀ ਹੋਈ) ਹਾਏ, ਮੈਂ ਕੀ ਕਰਾਂ, ਇਹ ਤਾਂ ਕਵੱਲੀਆਂ ਈ ਆਲਮ ਟੋਲੀਆਂ ਮਾਰੀ ਜਾਂਦੀ ਐ।

ਨਿਰਮਲ

ਮੱਮੀ, ਏਸ ਦੇਸ਼ ਭਗਤ ਲਈ ਪਹਿਲੀ ਜਨਵਰੀ 1952 ਦਾ ਦਿਨ ਸੁਨਹਿਰੀ ਦਿਹਾੜਾ ਸੀ।

ਮਾਂ

ਹੂੰ ! ਉਹ ਕਿਉਂ ?

ਨਿਰਮਲ

ਜਦੋਂ ਪੰਡਤ ਜਵਾਹਰ ਲਾਲ ਨਹਿਰੂ ਨੇ ਬਜਬਜ ਘਾਟ ਤੇ ਕਾਮਾਗਾਟਾ ਮਾਰੂ ਦੇ ਸ਼ਹੀਦਾਂ ਦੀ ਯਾਦ ਵਿਚ ਉਸਾਰੇ ਗਏ ਮੈਮੋਰੀਅਲ ਦਾ ਉਦਘਾਟਨ ਕੀਤਾ ਸੀ।

ਮਾਂ

ਸ਼ੁਕਰ ਏ, ਡਾਕਟਰ ਸਾਹਬ ਆ ਗਏ। ਡਾਕਟਰ ਜੀ, ਦੇਖੋ ਮੇਰੀ ਧੀ ਨੂੰ ਖੌਰੇ ਕੀ ਹੋ ਗਿਐ।

(ਨਿਰਮਲ ਡਾਕਟਰ ਨੂੰ ਦੇਖ ਕੇ ਡਰ ਜਾਂਦੀ ਹੈ।)

ਪਿਤਾ

ਬੇਟਾ, ਆਪਣੇ ਫੈਮਲੀ ਡਾਕਟਰ ਸਾਹਬ ਨੇ।

ਨਿਰਮਲ

ਡਾਕਟਰ ਸਾਹਿਬ, ਮੈਨੂੰ ਕੁਝ ਨਹੀ ਹੋਇਆ, ਮੈਂ ਪਾਗਲ ਨਹੀਂ ਹਾਂ, ਮੈਨੂੰ ਜਿਹੜੀ ਮਰਜ਼ੀ ਗਲ ਪੁਛੋ।

ਡਾਕਟਰ

ਬੇਟੀ, ਕਿਹੜਾ ਬੇਵਕੂਫ ਕਹਿੰਦਾ ਏ, ਤੂੰ ਪਾਗਲ ਹੈਂ।

ਨਿਰਮਲ

ਮੈਂ ਸਚ ਕਹਿਨੀਆਂ, ਟੀਕਾ ਨਹੀਂ ਲਗਾਵਾਂਗੀ, ਇਨਜੈਕਸ਼ਨ ਤੋਂ ਮੈਨੂੰ ਏਲਰਜੀ ਏ।

ਡਾਕਟਰ

(ਪਿਆਰ ਨਾਲ) ਆਲ ਰਾਈਟ। ਜੇ ਤੂੰ ਆਪਣੇ ਆਪ ਅੰਦਰ ਜਾ ਕੇ ਪਲੰਘ ਤੇ ਲੇਟ ਜਾਵੇਂਗੀ, ਮੈਂ ਹਰਗਿਜ਼ ਟੀਕਾ ਨਹੀਂ ਲਾਵਾਂਗਾ। ਹੋਰ ਦਸ ?

ਨਿਰਮਲ

ਓ ਕੇ ! ਯੂ ਆਰ ਵੈਰੀ ਨਾਈਸ ਡਾਕਟਰ।

(ਕਮਰੇ ਅੰਦਰ ਨੂੰ ਟਪੂਸੀਆਂ ਮਾਰਦੀ ਜਾਂਦੀ ਹੈ।)

ਡਾਕਟਰ

(ਉਸ ਨੂੰ ਗਹੁ ਨਾਲ ਤਾੜਦਾ ਹੋਇਆ) ਕਦੋਂ ਤੋਂ ਇਸ ਤਰ੍ਹਾਂ ਹੈ ?

ਪਿਤਾ

ਕਲ ਦੀ ਸਖਤ ਬੇਚੈਨ ਏ।

ਮਾਂ

ਆਪ ਮੁਹਾਰੀ ਉਘਦੀਆਂ ਪਾਤਾਲ ਮਾਰੀ ਜਾਂਦੀ ਐ।

ਡਾਕਟਰ

ਕਿੱਥੇ ਪੜ੍ਹਦੀ ਹੈ ?

ਪਿਤਾ

ਯੂਨੀਵਰਸਿਟੀ ਵਿਚ ਹਿਸਟਰੀ ਦੀ ਰਿਸਰਚ ਸਕਾਲਰ ਏ।

ਡਾਕਟਰ

ਕਿਸੇ ਕੈਨੇਡੀਅਨ ਲੜਕੇ ਨੇ ਛੇੜ ਛਾੜ ਤਾਂ ਨਹੀਂ ਕੀਤੀ, ਮੇਰਾ ਮਤਲਬ ਏ ਰੇਪ ਦਾ ਕੇਸ ਤਾਂ ਨਹੀਂ ?

ਪਿਤਾ

ਹਰਗਿਜ਼ ਨਹੀਂ।

ਮਾਂ

ਡਾਕਟਰ ਜੀ, ਇਹ ਤਾਂ ਬਹੁਤ ਡਾਢੀ ਕੁੜੀ ਐ ਜੈਂਪਰ ਹੇਠ ਹਰ ਵਕਤ ਕਰਪਾਨ ਰਖਦੀ ਐ।

ਪਿਤਾ

ਉਂਝ ਨਿੱਕੀ ਨਿੱਕੀ ਗੱਲ ਦਿਲ ਤੇ ਲਾ ਬਹਿੰਦੀ ਐ।

ਡਾਕਟਰ

(ਸੋਚਦਾ ਹੋਇਆ) ਹੂੰ, ਜ਼ਿਆਦਾ ਈ ਸੈਂਸੇਟਿਵ ਏ। ਅਸਲ 'ਚ ਨਸਲਵਾਦ ਦੇ ਜਨੂਨ ਨੇ ਸਾਡੇ ਬਹੁਤ ਸਾਰੇ ਬਚਿਆਂ ਨੂੰ ਜਿਚ ਕੀਤਾ ਹੋਇਆ ਏ। ਇਹ ਲੋਕ ਅਜ ਵੀ ਸਾਨੂੰ ਪਾਕੀ ਕਹਿੰਦੇ ਤੇ ਘਟੀਆ ਦਰਜੇ ਦੇ ਇਨਸਾਨ ਸਮਝਦੇ ਨੇ।



ਪਿਤਾ

ਹਾਲਾਂ ਕਿ ਸਾਰਾ ਕੈਨੇਡਾ ਪ੍ਰਦੇਸੀ ਦੇਸ ਏ। ਫੇਰ ਵੀ ਇਹ ਚਿੱਟੀ ਚਮੜੀ ਵਾਲੇ ਆਪਣਾ ਵਧੇਰੇ ਹਕ ਸਮਝਦੇ ਨੇ।

ਮਾਂ

ਡਾਕਟਰ ਜੀ, ਕਿਤੇ ਜਿੰਨ ਭੂਤ ਤਾਂ ਨਈਂ ਚੰਮੜ ਗਿਐ।

ਡਾਕਟਰ

(ਹਸਦਾ ਹੋਇਆ) ਕੈਨੇਡਾ ਆ ਕੇ ਵੀ ਜਿੰਨ ਭੂਤਾਂ ਨੇ ਤੁਹਾਡਾ ਪਿੱਛਾ ਨਹੀਂ ਛਡਿਆ।

ਪਿਤਾ

ਹੈ ਕਮਲੀ, ਕੀ ਗੱਲ ਕਢ ਮਾਰੀ।

ਮਾਂ

ਫੇਰ ਹੋਰ ਕੀ ਹੋ ਗਿਆ ਰਾਤੋ ਰਾਤ।

ਡਾਕਟਰ

ਇਹਨੂੰ ਅਚਾਨਕ ਕੋਈ ਭਾਰੀ ਸ਼ਾਕ ਲੱਗਾ ਲਗਦਾ ਏ, ਦਿਲ ਦਿਮਾਗ ਨੂੰ ਕੋਈ ਭਾਰੀ ਸਦਮਾ ਪੁੱਜਾ ਏ। ਇਹ ਦੱਸੋ ਮੇਰੇ ਆਉਣ ਤੋਂ ਪਹਿਲਾਂ ਕੈਸੀਆਂ ਹਰਕਤਾਂ ਕਰਦੀ ਸੀ ?

ਮਾਂ

(ਸਾਂਗ ਲਾ ਕੇ) ਮੱਮੀ ਉਹ ਦੇਖ (ਰੋਂਦੀ ਹੋਈ) ਹਿੰਦੀ ਵੀਰਾਂ ਨੂੰ ਕਿੱਦਾ ਗੋਲੀਆਂ ਨਾਲ ਕੋਹ ਸੁਟਿਆ। ਏਦਾਂ ਤਾਂ ਕੋਈ ਕੁਤਿਆਂ ਬਿਲਿਆਂ ਨੂੰ ਨਹੀਂ ਮਾਰਦਾ। ਮੱਮੀ, ਓਧਰ ਦੇਖ, ਕੌਣ ਖੜਾ ਏ। ਉਹ ਹੈ ਕਾਮਾ ਗਾਟਾ ਮਾਰੂ ਦਾ ਹੀਰੋ ਮਹਾਨ ਸੁਤੰਤਰਤਾ ਸੰਗਰਾਮੀ ਸੰਤ ਸਿਪਾਹੀ ਬਾਬਾ ਗੁਰਦਿਤ ਸਿੰਘ।

ਡਾਕਟਰ

ਬਸ ਬਸ, ਮੈਂ ਸਮਝ ਗਿਆਂ। ਇਹ ਹਾਲੂਸੀਨੇਸ਼ਨ ਦਾ ਦੌਰਾ ਹੈ।

ਪਿਤਾ

ਇਹ ਕੀ ਬੀਮਾਰੀ ਹੋਈ ਡਾਕਟਰ ਸਾਹਿਬ ?

ਡਾਕਟਰ

ਵਹਿਮ ਭਰਮ ਦੀ ਦਿਮਾਗੀ ਮਰਜ਼ ਏ। ਇਸ ਵਿਚ ਯਾਦਾਂ ਦੇ ਜੀਉਂਦੇ ਜਾਗਦੇ ਭੂਤ ਦਿਖਾਈ ਦਿੰਦੇ ਨੇ। ਘਬਰਾਣ ਵਾਲੀ ਕੋਈ ਗੱਲ ਨਹੀਂ।

ਪਿਤਾ

ਤਾਂ ਸਹੀ।

**ਡਾਕਟਰ**

ਇਹ ਦੱਸੋ ਕਲ ਕਿੱਥੇ ਕਿੱਥੇ ਗਈ ਸੀ ?

**ਮਾਂ**

ਐਤਵਾਰ ਨੂੰ ਗੁਰਦਵਾਰੇ ਤੋਂ ਬਿਨਾਂ ਕਿਧਰੇ ਨਹੀਂ ਜਾਂਦੀ ?

**ਡਾਕਟਰ**

ਕੋਈ ਖਾਸ ਪ੍ਰੋਗਰਾਮ ਸੀ ?

**ਪਿਤਾ**

ਜੀ ਹਾਂ ।

**ਡਾਕਟਰ**

(ਉਤਸੁਕ ਹੁੰਦਾ ਹੋਇਆ) ਉਹ ਕੀ ?

**ਪਿਤਾ**

ਕਾਮਾ ਗਾਟਾ ਮਾਰੂ ਦਿਵਸ ਮਨਾਇਆ ਗਿਆ ਸੀ

**ਡਾਕਟਰ**

ਜੋਸ਼ੀਲੇ ਭਾਸ਼ਨ ਵੀ ਹੋਏ ਸਨ ?

**ਪਿਤਾ**

ਜੀ ਹਾਂ ।

**ਡਾਕਟਰ**

ਹੋਰ ਕੀ ਪ੍ਰੋਗਰਾਮ ਸੀ ?

**ਪਿਤਾ**

ਢਾਡੀਆਂ ਨੇ ਬੀਰ ਰਸ ਦੀ ਵਾਰ ਗਾਈ ਸੀ ।

**ਡਾਕਟਰ**

ਕਿਸ ਸਾਕੇ ਦੀ ?

**ਪਿਤਾ**

ਕਾਮਾ ਗਾਟਾ ਮਾਰੂ ਦੇ ਮਹਾਨ ਦੁਖਾਂਤ ਦੀ ।

(ਇਕ ਦਮ ਪਿਛੋਕੜ ਤੋਂ ਵਾਰ ਸੁਣਾਈ ਦਿੰਦੀ ਹੈ । ਸਾਰੇ ਪਾਤਰ ਫਰੀਜ਼ ਹੋ ਜਾਂਦੇ ਹਨ ।)

ਸੁਣੋ ਕਾਮਾਗਾਟਾ ਮਾਰੂ ਦੀ ਦੁਖ ਭਰੀ ਕਹਾਣੀ
ਦੇਸ਼ ਦੀ ਖਾਤਰ ਯੋਧਿਆਂ ਜਿੰਦ ਘੋਲ ਘੁਮਾਈ ।
ਸੰਨ ਉੱਨੀ ਸੌ ਚੌਦਾਂ ਦਾ ਸੀ ਸਾਲ ਘਿਨਾਉਣਾ
ਕਾਲ ਬੀਮਾਰੀ ਭੁਖ ਨੇ ਕੀਤਾ ਮਨ ਭਾਉਂਦਾ ।
ਜਟ ਜ਼ਮੀਨਾਂ ਛਡ ਕੇ ਪ੍ਰਦੇਸ ਨੂੰ ਤੁਰ ਗਏ



ਵਿਛੜੇ ਬਹੂਆਂ ਬੇਟੀਆਂ ਬੱਚੇ ਵੀ ਰੁਲ ਗਏ ।
ਦੁਖ ਦਲਿੱਦਰ ਕੱਟਣ ਲਈ ਉਨ੍ਹਾਂ ਘਰ ਤਿਆਗੇ
ਹਾਂਗ ਕਾਂਗ ਵਿਚ ਜਾ ਕੇ ਉਹ ਬਣ ਗਏ ਜਾਗੇ ।
ਕਈ ਮਹੀਨੇ ਉਹਨਾਂ ਦੇ ਬਿਪਤਾ ਵਿਚ ਲੰਘੇ
ਆਖਰ ਗੁਰਦਿੱਤ ਸੂਰਮੇ ਨੇ ਢਾਰਸ ਰੰਗੇ ।
ਲੈ ਭਾੜੇ ਤੇ ਬੇੜਾ ਕਨੇਡਾ ਜਾਣ ਦੀ ਠਾਣੀ
ਸ਼ਾਬਾਸ਼ ਓਸ ਮਾਂ ਨੂੰ ਜੀਦਾ ਪੁੱਤ ਲਾਸਾਨੀ ।

**ਡਾਕਟਰ**

ਗਾਣੇ ਦੇ ਦੌਰਾਨ ਉਸ ਦਾ ਕੀ ਰੀਐਕਸ਼ਨ ਸੀ ?

**ਪਿਤਾ**

ਜੋਸ਼ ਨਾਲ ਉਠ ਕੇ ਖੜੀ ਹੋ ਗਈ ਸੀ ।

**ਮਾਂ**

ਮੈਂ ਫੜ ਕੇ ਮਸਾਂ ਬਹਾਈ ।

**ਪਿਤਾ**

ਡਾਕਟਰ ਸਾਹਿਬ, ਸਾਡੀ ਬੇਟੀ ਠੀਕ ਹੋ ਜਾਏਗੀ ਨਾ ?

**ਡਾਕਟਰ**

ਜ਼ਰੂਰ ! ਪਰ ਕਾਮਾ ਗਾਟਾ ਮਾਰੂ ਦਾ ਪੂਰਾ ਸਾਕਾ ਇਹ ਦੇ ਦਿਮਾਗ ਵਿਚੋਂ ਫਿਲਮ ਵਾਂਗ ਗੁਜ਼ਰ ਕੇ ਮਨ ਸ਼ਾਂਤ ਹੋਵੇਗਾ । ਘਬਰਾਣ ਦੀ ਲੋੜ ਨਹੀਂ ਠੀਕ ਹੋ ਜਾਵੇਗੀ । ਬਸ ਇਕ ਗਲ ਦਾ ਧਿਆਨ ਰਖਣਾ ਕਿਤੇ ਜੋਸ਼ ਵਿਚ ਆ ਕੇ ਕੁਝ ਕਰ ਨਾ ਬੈਠੇ । ਤੁਸੀਂ ਆਓ ਮੇਰੇ ਨਾਲ ਦਵਾਈ ਵੀ ਦਿੰਦਾ ਹਾਂ ।

**ਮਾਂ**

ਬੜੀ ਡਾਢੀ ਏ, ਮੈਥੋਂ ਨਹੀਂ ਇਹ ਦਵਾ ਖਾਂਦੀ ।

# ਦ੍ਰਿਸ਼ ਪਹਿਲਾ

ਸਮਾਂ : ਅਪ੍ਰੈਲ 1914

ਸਥਾਨ : ਹਾਂਗ ਕਾਂਗ

ਮੰਚ-ਦ੍ਰਿਸ਼ : ਤਿੰਨ ਚਾਰ ਮੁਸਾਫਰ ਸਮੁੰਦਰ ਕੰਢੇ ਖੜੇ ਗੱਲਾਂ ਕਰ ਰਹੇ ਹਨ। ਫਿਕਰ ਤੇ ਉਦਾਸੀ ਦੇ ਪ੍ਰਭਾਵ ਉਨ੍ਹਾਂ ਦੇ ਚਿਹਰਿਆਂ ਤੇ ਉਗੜਵੇਂ ਹਨ।

**ਹਰਨਾਮ**

ਕਰਤਾ ਰਾਮ, ਕਸੂਤੇ ਫਸੇ ਬਈ, ਅੱਗੇ ਖੂਹ ਪਿੱਛੇ ਖਾਤਾ। ਨਾ ਅੱਗੇ ਜਾਣ ਹਾਰੇ ਨਾ ਪਿੱਛੇ ਮੁੜਨ ਜੋਗੇ।

**ਕਰਤਾ**

ਧੋਬੀ ਦੇ ਕੁੱਤੇ ਵਰਗਾ ਹਾਲ ਹੋਇਐ ਸਾਡਾ, ਨਾ ਘਰ ਦੇ ਰਹੇ ਨਾ ਘਾਟ ਦੇ।

**ਪੀਰ ਬਖਸ਼**

ਹਰਨਾਮਿਆਂ, ਦਿਲ ਨਾ ਢਾ, ਮਰਦ ਬਣ। ਕਸ਼ਟ ਝੱਲੇ ਬਿਨਾਂ ਕਦੇ ਕੁਝ ਨਹੀਂ ਮਿਲਦਾ। ਉਖਲੀ 'ਚ ਸਿਰ ਦੇ ਕੇ ਹੁਣ ਮੋਹਲੇ ਦੀਆਂ ਮਾਰਾਂ ਤੋਂ ਨਾ ਡਰ।

**ਹਰਨਾਮ**

ਪੀਰੂ; ਤੈਨੂੰ ਗੱਲਾਂ ਔੜਦੀਆਂ ਛੜਾ ਛਾਂਟ ਜੋ ਹੋਇਐ। ਮੋਢੇ ਪਰਨਾਂ ਧਰਕੇ ਜਿੱਧਰ ਨੂੰ ਮੂੰਹ ਆਇਆ ਤੁਰ ਪਿਐਂ।

**ਕਰਤਾ**

ਸਾਲ੍ਹਾ ਲੰਡਰ ਬੌਕ, ਸਾਨੂੰ ਸਿਖਿਆ ਦਿੰਦਾ।

**ਪੀਰ**

ਤੂੰ ਪਿੱਛੇ ਕੀ ਛਡ ਆਇਆਂ ਜੋ ਤੈਨੂੰ ਪਿਛਲ ਝਾਕ ਮਾਰੀ ਜਾਂਦੀ ਐ।

**ਕਰਤਾ**

ਮੇਰਾ ਤਾਂ ਸੁਖ ਐ, ਪਰ ਅਪਣਾ ਭਰਾ ਹਰਨਾਮਾ ਪਿਛੇ ਪਟਾਕੇ ਅਰਗੀ ਤੀਮੀ ਤੇ ਆਂਡਿਆਂ ਅਰਗੇ ਸੋਹਣੇ ਸੋਹਣੇ ਦੋ ਜੁਆਕ ਛਡ ਆਇਆ। ਉਹਦਾ ਮੂੰਹ ਤਾਂ ਦੇਖ ਜਿੱਦਾਂ



ਦੋ ਧੁੱਪਾਂ ਨਾਲ ਮਿਰਚ ਸੁਕ ਜਾਂਦੀ ਐ।

**ਪੀਰੂ**

ਹਰਨਾਮਿਆ, ਕਿਤੇ ਮੋਹਰੂ ਵਾਂਗ ਤੂੰ ਵੀ ਜ਼ਮੀਨ ਭੈ ਤਾਂ ਨਹੀਂ ਕਰ ਆਇਆਂ ?

**ਹਰਨਾਮ**

ਨਹੀਂ, ਗਹਿਣੇ ਰਖਕੇ ਆਇਆ। ਕੀ ਕਰਦਾ ਮਾਮਲਾ ਈ ਪੂਰਾ ਨਹੀਂ ਸੀ ਹੁੰਦਾ।

**ਕਰਤਾ**

ਫੇਰ ਬਹੁਤ ਮਾੜਾ ਕੰਮ ਕੀਤਾ ਤੂੰ ?

**ਹਰਨਾਮ**

ਓਇ ਕਿਹੜਾ ?

**ਪੀਰੂ**

ਪਟਾਕੇ ਅਰਗੀ ਨਾਰ ਦਾ ਪਿੱਛੋਂ ਕੀ ਬਣੂ।

**ਹਰਨਾਮਾ**

(ਮਾਰਨ ਨੂੰ ਪੈਂਦਾ ਹੋਇਆ) ਸਾਲੇ ਨੂੰ ਗੱਲਾਂ ਕਿੰਨੀਆਂ ਆਉਦੀਆਂ ਸਾਡੀ ਜਾਨ ਸੁੱਕੀ ਪਈ ਐ।

**ਕਰਤਾ**

ਕੁਛ ਖਰਚ ਪੱਠਾ ਤਾਂ ਦੇ ਆਇਆਂ ਨਾ ?

**ਹਰਨਾਮਾ**

ਤਿੰਨ ਚਾਰ ਮਹੀਨਿਆਂ ਦਾ ਖਰਚਾ ਤਾਂ ਦੇ ਆਇਆਂ ਉਹ ਬਾਹਲੀ ਰਬ ਦੇ ਭੈ ਵਾਲੀ ਤੀਮੀ ਐ ਭਜਨ ਪਾਠ ਕਰਨ ਆਲੀ।

**ਪੀਰੂ**

ਵਿਚਾਰੀ ਭਜਨ ਕੌਰ ਕੀ ਕਰੂ; ਸ਼ਰੀਕ ਇੱਲਾਂ ਕਾਵਾਂ ਵਾਂਗ ਪੈਣਗੇ ਨਿਖਸੀ ਜ਼ਨਾਨੀ ਨੂੰ ਦੇਖਕੇ।

**ਕਰਤਾ**

ਪੀਰੂ, ਸਚ ਕਹਿੰਦਾ, ਭੁਖ ਤੇ ਗਰੀਬੀ ਡਾਢੀ ਭੈੜੀ ਸ਼ੈ ਹੁੰਦੀ ਐ।

**ਹਰਨਾਮ**

ਕਨੇਡਾ ਪਹੁੰਚ ਕੇ ਮੈਂ ਦਬਾ ਸਟ ਡਾਲੇ ਭੇਜਾਂਗਾ।

**ਪੀਰ**

ਜੇ ਕਿਸੇ ਕੰਢੇ ਲੱਗਾਂਗੇ ਤਾਂ ਹੀ ਭੇਜੇਂਗਾ ਨਾ।

**ਹਰਨਾਮ**

ਪੀਰੂ ਦੇ ਬੱਚੇ, ਭੈੜੇ ਬੋਲ ਨਾ ਕਢ ਮੂੰਹੋਂ।

**ਕਰਤਾ**

(ਰੌਲਾ ਸੁਣ ਕੇ) ਓਧਰ ਦੇਖੋਂ ਕੀ ਹੋ ਰਿਹਾ।

**ਪੀਰ**

ਉਹ ਤਾਂ ਆਪਣੇ ਬੰਦੇ ਐ, ਕਿਹਨੂੰ ਕੁਟ ਮਾਰ ਰਹੇ ਨੇ ?

**ਹਰਨਾਮਾ**

ਉਹ ਤਾਂ ਦੁੱਲਾ ਸਿੰਘ ਫੌਜੀ, ਕਰਮਾ ਤੇ ਬਾਰੂ ਐ।

**ਕਰਤਾ**

ਚਲੋ ਦੇਖੀਏ, ਕੀ ਗਲ ਐ।

**ਪੀਰ**

ਛੱਡੋ ਪਰੇ, ਸਮੁੰਦਰ ਦਾ ਨਜ਼ਾਰਾ ਮਾਣੋ।

ਜ਼ਰਾ ਦੂਰ ਤਿੰਨ ਮੁਸਾਫਰ ਇਕ ਬੰਦੇ ਨੂੰ ਢਾਹ ਕੇ ਕੁਟ ਰਹੇ ਹਨ।

**ਫੌਜੀ**

ਗਧਿਆ, ਤੂੰ ਕੌਣ ਹੁੰਦਾ ਹੈਂ, ਸਾਨੂੰ ਰੋਕਣ ਟੋਕਣ ਵਾਲਾ। ਮੈਂ ਚਲਿਆ ਆਪਦਾ ਨਾਮਾ ਕਟਾ ਕੇ।

**ਕਰਮਾ**

ਕੁੱਤਿਆ, ਅਸੀਂ ਖੁਸ਼ੀ ਨਾਲ ਘਰੋਂ ਬੇਘਰ ਹੋਏ ਆਂ। ਕੀਹਦਾ ਜੀ ਕਰਦਾ ਰੋਂਦੇ ਬਾਲਾਂ ਨੂੰ ਛਡ ਕੇ ਪ੍ਰਦੇਸਾਂ 'ਚ ਧੱਕੇ ਖਾਣ ਨੂੰ।

**ਬਾਰੂ**

ਓਏ ਮਰਦਾ ਕਿਆ ਨਹੀਂ ਕਰਦਾ। ਭੁਖੇ ਮਰਦੇ ਘਰੋਂ ਉਜੜੇ ਆਂ।

**ਏਜੰਟ**

ਪਹਿਲਾਂ ਮੇਰੀ ਗਲ ਤਾਂ ਸੁਣ ਲਓ।

**ਫੌਜੀ**

ਬੋਲ ਕਿਆ ਕਹਿਣਾ ਚਾਹੁੰਦਾ ਹੈਂ ਤੂੰ।



**ਏਜੰਟ**

ਮੈਂ ਕਦੋਂ ਕਹਿਨਾ ਤੁਸੀਂ ਕਨੇਡਾ ਨਾ ਜਾਓ, ਆਪਣੀ ਜੂਨ ਨਾ ਸੁਧਾਰੋ। ਡਾਲੇ ਕਮਾ ਕੇ ਮਹਿਲ ਮਾੜੀਆਂ ਨਾ ਉਸਾਰੋ।

**ਕਰਮਾ**

ਫੇਰ ਹੋਰ ਤੂੰ ਕੀ ਬਕਦਾ ਏਂ।

**ਬਾਰੂ**

ਬੱਡਾ ਸਾਡਾ ਹਤਕਾਰੀ।

**ਏਜੰਟ**

ਸਚ ਜਾਣੋ ਮੈਂ ਜੋ ਕੁਝ ਕਹਿੰਦਾ ਤੁਹਾਡੇ ਭਲੇ ਲਈ ਕਹਿ ਰਿਹਾਂ। ਭਲੇ ਦਾ ਜ਼ਮਾਨਾ ਨਹੀਂ ਰਿਹਾ। ਗਧੇ ਨੂੰ ਲੂਣ ਦਿਉ ਉਹ ਕਹਿੰਦਾ ਮੇਰੇ ਕੰਨ ਪੁਟਦੇ ਨੇ।

**ਕਰਮਾ**

ਉਏ ਤੂੰ ਸਾਨੂੰ ਗਧੇ ਸਮਝਦਾਂ।

**ਫੌਜੀ**

ਮੁੜ ਘਿੜ ਉਹੋ ਬਾਤ, ਬਹੁਤ ਢੀਠ ਹੈ।

**ਏਜੰਟ**

ਮੈਂ ਏਹੋ ਕਹਿਨਾ, ਤੁਸੀਂ ਛਪੜ ਦੇ ਡੱਡੂ ਓ, ਸੁਰਗ ਦੇ ਝੂਠੇ ਸੁਪਨੇ ਲੈ ਰਹੇ ਓ; ਤੁਸੀਂ ਕਨੇਡਾ ਦਾਖਲ ਨਹੀਂ ਹੋ ਸਕਦੇ। ਬਾਬਾ; ਤੁਹਾਡੇ ਨਾਲ............

**ਕਰਮਾ**

ਖਬਰਦਾਰ, ਜੋ ਬਾਬੇ ਖਲਾਫ ਮੂੰਹ ਖੋਲਿਆ, ਅਸੀਂ ਤਾਂ ਉਮਰ ਭਰ ਉਹਦਾ ਦੇਣਾ ਨਹੀਂ ਦੇ ਸਕਦੇ

**ਬਾਰੂ**

ਉਹਨੇ ਰੋਂਦਿਆਂ ਧੋਂਦਿਆਂ ਦੀਆਂ ਅੱਖਾਂ ਪੂੰਜੀਆਂ।

**ਫੌਜੀ**

ਇਹ ਲੋਕ ਤਿੰਨਾਂ ਮਹੀਨਿਆਂ ਤੋਂ ਗੁਰਦਵਾਰੇ ਵਿਚ ਰੁਲਦੇ ਖੁਲਦੇ ਸੀ। ਬਾਬੇ ਨੇ ਤਰਸ ਖਾਧਾ।

**ਏਜੰਟ**

(ਵਿਅੰਗ ਨਾਲ ਹਸਦਾ ਹੋਇਆ) ਤਰਸ ! ਮਤਲਬ ਤੋਂ ਬਿਨਾ ਕੋਈ ਕਿਸੇ ਦਾ ਕੰਮ ਨਹੀਂ ਕਰਦਾ। ਬਾਬਾ ਤਾਂ ਹੰਡਿਆ ਹੋਇਆ ਵਪਾਰੀ ਐ।

ਫੌਜੀ

ਬੇਵਕੂਫ, ਬਤਾ ਉਸ ਨੂੰ ਆਪ ਦਾ ਕਿਆ ਮਤਲਬ ਹੈ ?

ਏਜੰਟ

ਫੌਜੀ ਸਾਹਿਬ, ਉਹ ਸਰਕਾਰੀ ਠੇਕੇਦਾਰ ਐ, ਹਮਾਤੜਾਂ ਦੀ ਛਿਲ ਲਾਣ ਵਾਲਾ

ਕਰਮਾ

ਜੇ ਹੁਣ ਬਾਬੇ ਖਲਾਫ ਕੁਇਆਂ ਮੱਕੂ ਠਪ ਦੇਵਾਂਗਾ ।

ਏਜੰਟ

ਤੁਸੀਂ ਭੋਲੇ ਭਾਲੇ ਮੁਸਾਫਰ ਓ । ਗਰੇਜ਼ਾਂ ਦੀ ਨਜ਼ਰਾਂ 'ਚ ਉਹ ਸ਼ੱਕੀ ਬੰਦਾ। ਜਾਹਲ-ਸਾਜ਼ੀ 'ਚ ਹੁਣੇ ਕੈਦ ਕਟ ਕੇ ਹਟਿਆ। ਉਹਨੂੰ ਹਰਗਿਜ਼ ਰਾਹਦਾਰੀ ਨਹੀਂ ਮਿਲਣੀ, ਤੁਹਾਡੇ ਡਾਲਰ ਡੁਬ ਜਾਣੇ ਨੇ ।

ਬਾਰੂ

ਹੈਂ ! ਸਚਮੁਚ !! ਮੈਂ ਅੱਗੇ ਬੀ ਕਈਆਂ ਤੋਂ ਸੁਣਿਆਂ।

ਕਰਮਾ

ਓਇ ਬਾਰੂ, ਤੂੰ ਸਚ ਮੰਨ ਲਿਆ ਇਹਦਾ । ਝੱਖਾਂ ਮਾਰਦਾ ।

ਫੌਜੀ

ਭਾੜੇ ਦਾ ਜਹਾਜ ਲਿਆ ਕੇ ਖੜਾ ਕਰ ਦਿੱਤਾ ਹੈ। ਅਜੇ ਤੁਹਾਨੂੰ ਸ਼ਕ ਹੈ ਬਾਬੇ ਤੇ !

ਏਜੰਟ

ਚਲੋ ਜੇ ਮੇਰੀ ਗਲ ਵਿਚ ਰਤਾ ਜਿੰਨਾ ਝੂਠ ਨਿਕਲੇ, ਸੌ ਛਿਤਰ ਮਾਰ ਕੇ ਇਕ ਗਿਣਿਓ ।

ਫੌਜੀ

ਏਸ ਢੀਠ ਨੇ ਬਕਣ ਤੋਂ ਨਹੀਂ ਹਟਣਾ, ਬਣਾਓ ਇਸ ਦਾ ਮੋਰ ।

ਕਰਮਾ ਉਸ ਨੂੰ ਫੜਦਾ ਹੈ,
ਫੌਜੀ ਦੋ ਤਿੰਨ ਠੁੱਡੇ ਮਾਰਦਾ ਹੈ ।

ਗੁਰਦਿਤ

ਠਹਿਰੋ ! ਭਲਿਓ ਲੋਕੋ ਇਹ ਕੀ ਕਰ ਰਹੇ ਓ ! ਛੱਡੋ ਇਸਨੂੰ, ਕਿਉਂ ਮਾਰਦੇ ਓ। ਕਿਉਂ ਕਾਨੂੰਨ ਆਪਣੇ ਹੱਥਾਂ 'ਚ ਲੈਂਦੇ ਓ ।

ਫੌਜੀ

ਸਰ, ਤੁਹਾਡੇ ਖਿਲਾਫ ਬਕਵਾਸ ਕਰਦਾ ਹੈ ।



ਕਰਮਾ

ਤੁਹਾਡੀ ਬਦਨਾਮੀ ਕਰਕੇ ਸਾਨੂੰ ਗੁਮਰਾਹ ਕਰ ਰਿਹਾ ।

ਬਾਰੂ

ਕਹਿੰਦਾ ਥੁਆਡੇ ਡਾਲੇ ਡੁਬ ਜਾਣੇ ਆਂ ।

ਗੁਰਦਿਤ

(ਗਹੁ ਨਾਲ ਦੇਖਦਾ ਹੋਇਆ) ਹੈ ਤਾਂ ਪੰਜਾਬੀ ਪਰ ਕਿਸੇ ਗੋਰਾ ਕੰਪਨੀ ਦਾ ਏਜੰਟ ਜਾਪਦਾ ਏ ।

ਕਰਮਾ

ਫੇਰ ਬਾਬਾ ਜੀ ਸਾਨੂੰ ਇਸ ਨਾਲ ਸਿਝ ਲੈਣ ਦਿਉ ।

ਫੌਜੀ

ਝੂਠ ਬੋਲਣ ਦਾ ਮਜ਼ਾ ਚਖਾ ਲੈਣ ਦਿਉ ।

ਗੁਰਦਿਤ

ਸਭ ਜਹਾਜ਼ੀ ਕੰਪਨੀਆਂ ਮੇਰੇ ਵਿਰੁਧ ਝੂਠਾ ਪ੍ਰਾਪੇਗੰਡਾ ਕਰ ਰਹੀਆਂ ਨੇ। ਦਿਨ ਰਾਤ ਜ਼ਹਿਰ ਉਗਲ ਰਹੀਆਂ ਨੇ ! ਕਿਸ ਕਿਸ ਨੂੰ ਮਾਰੋਗੇ ।

ਕਰਮਾ

ਇਹਦਾ ਮੂੰਹ ਬੰਦ ਕਰ ਲੈਣ ਦਿਉ, ਬਾਕੀਆਂ ਨੂੰ ਆਪੇ ਕੰਨ ਹੋ ਜਾਣਗੇ ।

ਫੌਜੀ

ਸਰ, ਫਰੰਗੀਆਂ ਦਾ ਤੁਸੀਂ ਕਿਆ ਵਗਾੜਿਆ ਹੈ ?

ਗੁਰਦਿਤ

ਸਭ ਨੂੰ ਗੁਰੂ ਨਾਨਕ ਸਟੀਮ ਸ਼ਿਪ ਕੰਪਨੀ ਖੋਲਣ ਦਾ ਸਾੜਾ ਏ ।

ਕਰਮਾ

ਫੇਰ ਤਾਂ ਇਹ ਕਿਸੇ ਗੋਰਾ ਕੰਪਨੀ ਦਾ ਪੱਕਾ ਏਜੰਟ ਹੋਣਾ ਏਂ ।

ਗੁਰਦਿਤ

ਛੱਡੋ, ਏਸ ਸ਼ੋਹਦੇ ਨੂੰ ! ਇਕ ਖੁਸ਼ਖਬਰੀ ਸੁਣੋ ।

ਫੌਜੀ

ਸਰ, ਜਲਦੀ ਬਤਾਉ, ਖੁਸ਼ੀ ਦੀ ਖਬਰ ਸੁਣਨ ਲਈ ਸਾਡੇ ਕੰਨ ਤਰਸ ਗਏ ਨੇ

ਗੁਰਦਿਤ

ਹੁਣੇ ਦਸਦਾਂ, ਪਹਿਲਾਂ ਇਹਨੂੰ ਜਾ ਲੈਣ ਦਿਉ । ਨਸ ਜਾਹ ਓਏ ।

**ਕਰਮਾ**

ਤੂੰ ਜਾਨਾ ਏਂ ਕਿ ਨਹੀਂ।

ਮਾਰਨ ਨੂੰ ਪੈਂਦਾ ਹੈ। ਉਹ ਨੱਸਾ ਜਾਂਦਾ ਮੁੜ ਮੁੜ ਕੇ ਵੇਖਦਾ ਹੈ। ਸਾਰੇ ਹਸਦੇ ਹਨ ।

**ਫੌਜੀ**

ਭਾਈ ਸਾਹਿਬ, ਬਤਾਓ ਕਿਆ ਖੁਸ਼ਖਬਰੀ ਹੈ ?

**ਗੁਰਦਿਤ**

ਕੈਨੇਡਾ ਜਾਣ ਦੀ ਰਾਹਦਾਰੀ ਮਿਲ ਗਈ ਏ ।

**ਸਾਰੇ**

(ਖੁਸ਼ੀ ਨਾਲ ਉਛਲ ਕੇ) ਹੈਂ ! ਸਚ !!

**ਗੁਰਦਿਤ**

(ਕਾਗਜ਼ ਦਿਖਾਂਦਾ ਹੋਇਆ) ਆਹ ਦੇਖੋ ।

**ਫੌਜੀ**

ਵਾਹ ਭਾਈ ਸਾਹਿਬ ਵਾਹ ! ਹੱਦ ਕਰ ਦਿੱਤੀ ਤੁਸੀਂ !

ਫੌਜੀ ਤੇ ਕਰਮਾ ਜਦ ਗੁਰਦਿਤ ਸਿੰਘ ਨੂੰ ਮੋਢਿਆਂ ਤੇ ਚੁਕ ਕੇ ਭੰਗੜਾ ਪਾਂਦੇ ਹਨ। ਹਰਨਾਮ, ਕਰਤਾ ਤੇ ਪੀਰੂ ਵੀ ਆਣ ਰਲਦੇ ਹਨ ।ਗੁਰਦਿਤ ਸਿੰਘ ਵੀ ਨਾਲ ਭੰਗੜਾ ਪਾਣ ਲਗ ਜਾਂਦਾ ਹੈ।

**ਗੁਰਦਿਤ**

ਬਸ, ਹੁਣ ਨਚਣਾ ਟਪਣਾ ਬੰਦ ਕਰੋ। ਮੇਰੇ ਪਿੱਛੇ ਪਿੱਛੇ ਆਓ। ਜਹਾਜ਼ ਤੁਰਨ ਦੀ ਤਿਆਰੀ ਵਿਚ ਹੈ।

ਹਰਨਾਮ, ਕਰਤਾ ਤੇ ਪੀਰੂ ਗੁਰਦਿਤ ਸਿੰਘ ਨਾਲ ਹੀ ਤੁਰ ਜਾਂਦੇ ਹਨ। ਫੌਜੀ, ਕਰਮਾ ਤੇ ਬਾਰੂ ਖੁਸ਼ੀ ਨਾਲ ਗਾਣ ਲਗ ਜਾਂਦੇ ਹਨ।

**ਫੌਜੀ**

ਬੇੜਿਆ ਲੈ ਚਲ ਵੈਨਕੂਵਰ ਸ਼ਹਿਰ ਨੂੰ
ਸਾਡੇ ਸ਼ਹਿਨਸ਼ਾਹਾਂ ਦਾ ਥਾਨ ।



ਜੀਹਨੂੰ ਨਵੀਂ ਧਰਤੀ ਆਖਦੇ
ਜਿਹੜੀ ਧੰਨ ਦੌਲਤ ਦੀ ਖਾਨ ।

**ਬਾਰੂ**

ਜਿੱਥੇ ਧਰਤੀ ਸੋਨਾ ਉਗਲਦੀ
ਉਥੇ ਮਜ਼ਦੂਰਾਂ 'ਚ ਹੋਈਏ ਭਰਤੀ।

**ਕਰਮਾ**

ਯਾਰੋ, ਡਾਲੇ ਬਾਹਲੇ ਜੋੜ ਕੇ
ਸ਼ਾਹ ਤੋਂ ਪੈਲੀਆਂ ਲੈਣੀਆਂ ਛੁਡਾ ।

**ਤਿੰਨੇ ਰਲਕੇ**

ਬੇੜਿਆ ਲੈ ਚਲ ਵੈਨਕੂਵਰ ਸ਼ਹਿਰ ਨੂੰ
ਸਾਡੇ ਸ਼ਹਿਨਸ਼ਾਹਾਂ ਦਾ ਥਾਨ ।

ਦੂਰੋਂ ਜਹਾਜ਼ ਦੀ ਲੰਮੀ ਵਿਸਲ ਸੁਣਾਈ ਦਿੰਦੀ ਹੈ। ਤਿੰਨੇ ਖੁਸ਼ੀ ਨਾਲ ਉਛਲਦੇ ਕੂਦਦੇ ਜਾਂਦੇ ਹਨ।

# ਦ੍ਰਿਸ਼ ਦੂਜਾ

ਸਮਾਂ : 1914

ਸਥਾਨ : ਯੋਕੋਹਾਮਾ ਦਾ ਇਕ ਬਜ਼ਾਰ

ਢਾਡੀਆਂ ਦੀ ਆਵਾਜ਼

ਸੋਹਣੇ ਦੇਸਾਂ ਵਿਚੋਂ ਦੇਸ ਹੈ ਜਾਪਾਨ ਦੀ ਧਰਤੀ
ਜਿਉਂ ਕੁਦਰਤ ਦੇਵੀ ਅਰਸ਼ਾਂ ਤੋਂ ਫਰਸ਼ਾਂ ਤੇ ਉਤਰੀ
ਚੌਹੀਂ ਪਾਸੀਂ ਫੁੱਲਾਂ ਨੇ ਬਾਹਾਰ ਖਿੰਡਾਈ
ਲਾਲਾਂ ਵਰਗੀਆਂ ਨਾਰੀਆਂ ਗੁਲਜ਼ਾਰ ਲਗਾਈ
ਯੋਕੋਹਾਮਾ ਪੁਜ ਗਿਆ ਕਾਮਾ ਗਾਟਾ ਮਾਰੂ
ਲੱਗੇ ਕਰਨ ਖਰਮਸਤੀਆਂ ਦੁੱਲਾ, ਕਰਮਾ, ਬਾਰੂ ।

ਕਰਮਾ

ਆਖਰ ਰਬ ਨੇ ਸਾਡੀ ਵੀ ਸੁਣ ਲਈ ਜਪਾਨ ਤਾਂ ਪੁਜ ਹੀ ਗਏ ਆਂ ।

ਬਾਰੂ

ਬਾਈ, ਸੁਣਦਾ ਕਿਉਂ ਨਾ, ਅਸੀਂ ਰਬ ਦੇ ਮਾਂਹ ਮਾਰੇ ਹੋਏ ਨੇ ।

ਫੌਜੀ

ਲੰਮੀ ਔੜ ਪਿਛੋਂ ਆਖਰ ਇਕ ਦਿਨ ਮੀਂਹ ਵਰਨਾ ਹੀ ਸੀ ।

ਕਰਮਾ

ਭਲਾ ਹੋਵੇ ਬਾਬੇ ਗੁਰਦਿਤ ਸਿੰਹੁ ਦਾ, ਜਿਹਨੇ ਐਡੀ ਸੋਹਣੀ ਧਰਤੀ ਤੇ ਲਿਆ ਬਠਾਇਆਂ



ਬਾਰੂ

ਬਈ ਨਜਾਰੇ ਆਗੇ

ਕਰਮਾ

ਉਹ ਬਾਰੂ ਦੇ ਬੱਚੇ, ਇੱਧਰ ਕੀ ਝਾਕਦਾਂ ਓਧਰ ਵੇਖ

ਬਾਰੂ

ਹੈਂ ! ਸੱਚੀ ਮੁੱਚੀ ਦੀ ਤੀਮੀ ਆਂ ਕਿ ਖਡੌਣਾ

ਕਰਮਾ

ਬੜੀ ਬੇਸ਼ਰਮ ਐ, ਸੈਨਤਾਂ ਮਾਰਦੀ ਏ ।

ਫੌਜੀ

ਮੂਰਖੋ, ਉਹ ਤਾਂ ਸਾਡੀਆਂ ਸ਼ਕਲਾਂ ਦੇਖਕੇ ਹਸਦੀ ਹੈ ਪਈ ਇਹ ਕਿਥੋਂ ਆ ਗਏ ਸ਼ੇਰ ਦੀਆਂ ਮੁੱਛਾਂ ਵਾਲੇ ।

ਬਾਰੂ

ਗੋਰੀਏ, ਮੈਂ ਤਾਂ ਤੇਰੇ ਆਂਗ ਸਫਾ ਚਟ ਆਂ ।

ਕਰਮਾ

(ਮਖੌਲ ਨਾਲ) ਫੌਜੀਆ, ਮੈਨੂੰ ਤਾਂ ਤੇਰੇ ਤੇ ਲੱਟੂ ਹੋਈ ਲਗਦੀ ਐ । ਤੇਰੇ ਵਲ ਈ ਝਾਕੀ ਜਾਂਦੀ ਐ ਇਕੋ ਟਕ ।

ਫੌਜੀ

(ਖੁਸ਼ ਹੋ ਕੇ ਦਾਹੜੀ ਤੇ ਹਥ ਫੇਰਦਿਆਂ ਹੋਇਆ) ਫੇਰ ਤਾਂ ਆਪਾਂ ਇਥੇ ਹੀ ਭਰਤੀ ਹੋ ਜਾਵਾਂਗੇ ।

ਬਾਰੂ

ਬਾਈ, ਮੈਨੂੰ ਵੀ ਅਰਦਲੀ ਰਖ ਲਈਂ ।

ਫਜੀ

ਕਰਮਿਆ, ਤੈਨੂੰ ਕੀ ਹੋ ਗਿਐ ?

ਕਰਮਾ

ਸਹੁੰ ਗੁਰਾਂ ਦੀ, ਦਾਰੂ ਦੀ ਸਾਲਮ ਬੋਤਲ ਜਿੰਨਾਂ ਨਸ਼ਾ ਚੜ ਗਿਐ । ਨਿਰਾ ਪੂਰਾ ਪਟੋਲਾ ਏ ।

ਬਾਰੂ

ਮੈਨੂੰ ਤਾਂ ਬਈ, ਨਾਭੇ ਦੀ ਬੰਦ ਬੋਤਲ ਅਰਗੀ ਲਗਦੀ ਆ ।

**ਕਰਮਾ**

ਬਾਰੂ, ਇਹ ਤਾਂ ਸੱਚੀ ਮੁੱਚੀ ਦੀ ਜਨਾਨੀ ਐਂ ਮੋਮ ਗੋਰੀ ਕੂਲੀ ਕੂਲੀ। ਜਟ ਤਾਂ ਵਾੜ ਉੱਤੇ ਲਾਲ ਲੀੜਾ ਵੇਖ ਕੇ ਹੇਕਾਂ ਮਾਰਨ ਲਗ ਜਾਂਦਾ ਏ।

ਖੁਸ਼ੀ ਵਿਚ ਕਿਲਕਾਰੀਆਂ ਮਾਰਦੇ ਹਨ।

**ਬਾਰੂ**

ਬਈ, ਓਹ ਕਿਆ ਅਸ਼ਾਰੇ ਕਰਦਾ।

**ਕਰਮਾ**

ਫੌਜੀਆ, ਸ਼ੈਦ ਓਹ ਜਪਾਨੀ ਤੈਨੂੰ ਬੁਲਾ ਰਿਹਾ।

**ਫੌਜੀ**

ਦੇਖਾਂ ਭਲਾ ਕਿਆ ਬੋਲਦਾ ਹੈ ?

**ਕਰਮਾ**

ਜ਼ਰੂਰ ਜਾਹ, ਤੈਨੂੰ ਜਪਾਨੀ ਬਾਤ ਵੀ ਔਂਦੀਐ।

ਕਰਮਾ ਤੇ ਬਾਰੂ ਆਪੋ ਵਿਚ
ਘੁਸਰ ਮੁਸਰ ਕਰਦੇ ਹਨ। ਕੁਝ
ਦੇਰ ਬਾਅਦ ਫੌਜੀ ਮੁੜਦਾ ਹੈ।

**ਕਰਮਾ**

ਫੌਜੀਆਂ, ਹੈਂ ! ਐਨੀ ਛੇਤੀ ਮੁੜ ਕਿਉਂ ਆਇਆਂ ?

**ਬਾਰੂ**

ਬਾਈ, ਕਿਆ ਹੋਇਆ, ਬੜਾ ਮੂੰਹ ਸੁਜਾਇਐ ?

**ਫੌਜੀ**

ਸਾਲਾ ਦੱਲਾ ਕਹਿੰਦਾ ਮਾਲਸ਼ ਕਰਵਾ ਲਓ
ਇਸ ਛੋਕਰੀ ਤੋਂ ਕਪੜੇ ਲਾਹਕੇ

**ਕਰਮਾ**

ਓਏ ਸਾਰੇ ਕਪੜੇ, ਕੱਛਾ ਵੀ ?

**ਫੌਜੀ**

ਆਹੋ, ਮੈਨੂੰ ਤਾਂ ਸ਼ਰਮ ਜਹੀ ਆ ਗਈ।

**ਬਾਰੂ**

ਬਾਈ, ਤੈਨੂੰ ਕਿਆ, ਸ਼ਰਮ ਉਹਨੂੰ ਆਊ।



**ਕਰਮਾ**

ਫੌਜੀਆ, ਪੈਸੇ ਕਿੰਨੇ ?

**ਫੌਜੀ**

ਸਿਰਫ ਦੋ ਯੈਨ

**ਕਰਮਾ**

ਫੇਰ ਤੂੰ ਮੁੜ ਕਿਉਂ ਆਇਆਂ ?

**ਬਾਰੂ**

ਜੇ ਤੈਨੂੰ ਡਰ ਲਗਦਾ ਤਾਂ ਮੇਰੀ ਗਲ ਕਰਾ।

**ਕਰਮਾ**

ਫੇਰ ਤੂੰ ਕੀ ਜਵਾਬ ਦਿੱਤਾ ?

**ਫੌਜੀ**

ਮੈਂ ਕਿਹਾ ਤੁਸੀਂ ਬਹੁਤ ਬੇਸ਼ਰਮ ਲੋਕ ਓ।

**ਕਰਮਾ**

ਹਤ ਤੇਰੀ, ਤੂੰ ਤਾਂ ਖੋਤਾ ਈ ਖੂਹ' ਚ ਪਾ ਦਿੱਤਾ।

**ਬਾਰੂ**

ਫੌਜੀਆ, ਤੂੰ ਇਸ ਮਾਫਕ ਈ ਰਿਹਾ।

**ਕਰਮਾ**

ਫੇਰ ਉਸ ਨੇ ਕੀ ਆਖਿਆ ?

**ਫੌਜੀ**

ਕਹਿੰਦਾ ਅਸੀਂ ਆਜ਼ਾਦ ਲੋਕ ਹਾਂ। ਸਭ ਕੁਝ ਖੁਲਮ ਖੁਲ੍ਹਾ ਕਰਦੇ ਆਂ। ਤੁਹਾਡੇ ਵਾਂਗ ਲੁਕ ਛਿਪ ਕੇ ਕੁਝ ਨਹੀਂ ਕਰਦੇ। ਮੂੰਹ ਵਿਚ ਰਾਮ ਰਾਮ ਵਗਲ ਮੇਂ ਛੁਰੀ। ਹੱਤ, ਪਖੰਡੀ ਲੋਕ !

**ਕਰਮਾ**

ਫੇਰ ਤੂੰ ਮੋੜਵਾਂ ਜਵਾਬ ਨਾ ਦਿੱਤਾ।

**ਬਾਰੂ**

ਬਾਈ, ਦਸ ਤਾਂ ਸਹੀ ਤੂੰ ਕਿਆ ਕਿਹਾ ?

**ਫੌਜੀ**

ਮੈਂ ਕਿਹਾ ਤੁਸੀਂ ਲੋਕ ਬਹੁਤ ਵਿਭਚਾਰੀ ਹੋ।

**ਕਰਮਾ**

ਫੇਰ ਉਹਦੇ ਵੱਜੀ ਗੋਲੀ ?

**ਬਾਰੂ**

ਫੇਰ ਕਿਆ ਬੋਲਿਆ, ਸਾਲਾ ਬਾਗੜ ਬਿੱਲਾ।

**ਫੌਜੀ**

ਕੁੱਝ ਨਾ ਪੁਛੋ।

**ਕਰਮਾ**

ਗਾਲ੍ਹਾਂ ਤਾਂ ਨਹੀਂ ਕੱਢੀਆਂ।

**ਫੌਜੀ**

ਘੂਰ ਕੇ ਮਾਰਨ ਨੂੰ ਵਧਿਐ !

**ਦੋਵੇਂ**

ਹੈਂ ?

**ਫੌਜੀ**

ਕਹਿੰਦਾ, ਹਿੰਦੀਓ, ਗੁਲਾਮੀ ਨਾਲੋਂ ਵੱਡਾ ਕੋਈ ਵਿਭਚਾਰ ਨਹੀਂ। ਚਪਣੀ 'ਚ ਪਾਣੀ ਪਾ ਕੇ ਡੁਬ ਮਰੋ। ਤੁਸੀਂ ਕਰੋੜਾਂ ਦੀ ਗਿਣਤੀ ਵਿਚ, ਮੁੱਠੀ ਭਰ ਅੰਗ੍ਰੇਜ਼ ਤੁਹਾਡੇ ਤੇ ਕਾਠੀ ਪਾਈ ਫਿਰਦੇ ਐ। ਤੁਸੀਂ ਭੇਡਾਂ ਤੋਂ ਵੀ ਗਏ ਗੁਜ਼ਰੇ ਓ, ਬੇਸ਼ਰਮੋ।

ਤਿੰਨੇ ਘੜੀ ਪਲ ਲਈ ਫਰੀਜ਼ ਹੋ ਜਾਂਦੇ ਹਨ।

**ਬਾਰੂ**

ਪਰ ਅਸੀਂ ਤਾਂ ਹੁਣ ਅਜਾਦ ਆਂ।

**ਫੌਜੀ**

ਇਨ੍ਹਾਂ ਲੋਕਾਂ ਦੀਆਂ ਨਜ਼ਰਾਂ ਵਿਚ ਤਾਂ ਘਟੀਆ ਦਰਜੇ ਦੇ ਇਨਸਾਨ ਹਾਂ। ਉਸਦੀ ਨਫਰਤ ਭਰੀ ਨਜ਼ਰ ਦੇਖ ਕੇ ਮੈਂ ਇੰਨਾ ਸ਼ਰਮਿੰਦਾ ਹੋਇਆ, ਧਰਤੀ ਵਿਹਲ ਦਿੰਦੀ ਤਾਂ ਮੈਂ ਥਾਂ ਗਰਕ ਹੋ ਜਾਂਦਾ।

**ਕਰਮਾ**

ਸਾਲੇ ਨੇ ਸਵਾਦ ਈ ਕਿਰ ਕਿਰਾ ਕਰ ਦਿੱਤਾ !

**ਬਾਰੂ**

ਬਾਈ, ਮੇਰੀ ਗਲ ਮੰਨੋਂ, ਦੋ ਦੋ ਸਿੱਕੇ ਦੇ ਕੇ ਇਕ ਬਾਰ ਤਾਂ ਜੀਣ ਦਾ ਨੰਦ ਮਾਣ ਲਈਏ। ਮਾਲਸ਼ ਕਰਾ ਕੇ ਜਨਮਾਂ ਜਨਮਾਤਰਾਂ ਦਾ ਥਕੇਮਾਂ ਲਾਹ ਲਈਏ।

**ਕਰਮਾ**

ਮੈਂ ਤਾਂ ਤਿਆਰ ਆਂ, ਮਾਰ ਥਾਪੀ।



**ਬਾਰੂ**

(ਮੂੰਹ ਨਾਲ ਬਕਰਾ ਬੁਲਾ ਕੇ) ਆ ਬਾਈ, ਫੜ ਹਥ।

**ਫੌਜੀ**

ਓਏ ਠਹਿਰੋ, ਬਾਬਾ ਆ ਰਿਹਾ।

**ਗੁਰਦਿਤ**

ਭਰਾਵੋ, ਇਹ ਪੰਜਾਬ ਨਹੀਂ ਜਾਪਾਨ ਹੈ, ਇਹ ਲੋਕ ਬਹੁਤ ਸਾਇਸਤਾ ਨੇ। ਤੁਹਾਡੇ ਖਰੂਦ ਨੂੰ ਬੁਰਾ ਮਨਾਣਗੇ।

**ਕਰਮਾ**

ਮਾਫ ਕਰਨਾ ਬਾਬਾ ਜੀ, ਐਨਾ ਸੋਹਣਾ ਮੁਲਖ ਦੇਖ ਕੇ ਨਸ਼ਾ ਜਿਹਾ ਚੜ ਗਿਆ ਸੀ।

**ਬਰਕਤੁੱਲਾ**

ਦੇਖਣਾ, ਕੋਈ ਜਾਪਾਨੀ ਸਿਪਾਹੀ ਆ ਕੇ ਨਸ਼ਾ ਨਾ ਉਤਾਰ ਦੇਵੇ।

**ਫੌਜੀ**

ਏਸ ਭਾਈਬੰਦ ਦੀ ਬਾਤ ਦਰੁਸਤ ਹੈ। ਕਨੇਡਾ ਚਲ ਕੇ ਭੰਗੜਾ ਪਾਵਾਂਗੇ।

**ਭਗਵਾਨ**

ਭਰਾਵੋ, ਕਨੇਡਾ ਕਿਹਨੇ ਤੁਹਾਨੂੰ ਉਤਰਨ ਦੇਣਾ।

**ਫੌਜੀ**

ਤੂੰ ਕੌਣ ਹੁੰਦਾਂ ਇਹ ਬਾਤ ਕਹਿਣ ਵਾਲਾ।

**ਭਗਵਾਨ**

ਤੁਹਾਡਾ ਪੰਜਾਬੀ ਭਰਾ, ਤੁਹਾਡਾ ਦਿਲੋਂ ਜਾਨ ਹਮਦਰਦ।

**ਬਰਕਤੁੱਲਾ**

ਅਸੀਂ ਤੁਹਾਡੇ ਸੱਜਨ ਸਨੇਹੀ ਹਾਂ, ਤੁਹਾਡਾ ਦਿਲ ਨਹੀਂ ਤੋੜਨਾ ਚਾਹੁੰਦੇ। ਸੱਚੀ ਗਲ ਬੁਰੀ ਲਗਦੀ ਏ ਪਰ ਤੁਹਾਡਾ ਵੈਨਕੂਵਰ 'ਚ ਉਤਰਨਾ ਮੁਸ਼ਕਲ ਲਗਦਾ ਹੈ।

**ਫੌਜੀ**

(ਭੜਕ ਕੇ) ਸਾਨੂੰ ਕਨੇਡਾ ਉਤਰਨ ਤੋਂ ਕੌਣ ਰੋਕ ਸਕਦਾ ਹੈ। ਅਸੀਂ ਸਲਤਨਤ ਬਰਤਾਨੀਆਂ ਦੇ ਅਜ਼ਮੂਦਾ ਵਫ਼ਾਦਾਰ ਸਿਪਾਹੀ ਹਾਂ। ਅਸੀਂ ਜਾਨਾਂ ਵਾਰੀਆਂ, ਅੰਗਰੇਜ਼ਾਂ ਲਈ ਲੜਾਈਆਂ ਜਿੱਤੀਆਂ।

**ਭਗਵਾਨ**

ਮੁਆਫ ਕਰਨਾ, ਉਹ ਸਾਨੂੰ ਗੋਲੀਆਂ ਠੰਡੀਆਂ ਕਰਨ ਵਾਲੇ ਭਾੜੇ ਦੇ ਟੱਟੂ ਹੀ

ਸਮਝਦੇ ਨੇ ।

**ਬਰਕਤੁੱਲਾ**

ਬਿਲਕੁਲ ਸਚ ਹੈ, ਫਰੰਗੀ ਇਸ ਗਲ ਦਾ ਕੋਈ ਅਹਿਸਾਨ ਨਹੀਂ ਮੰਨਦੇ, ਸਗੋ ਉਲਟੀ ਧੌਂਸ ਜਮਾਉਂਦੇ ਨੇ ।

**ਗੁਰਦਿਤ**

ਅਸੀਂ ਹਾਈ ਕੋਰਟ ਦਾ ਦਰਵਾਜ਼ਾ ਖਟ ਖਟਾਵਾਂਗੇ । ਮੈਨੂੰ ਅੰਗਰੇਜ਼ੀ ਕਾਨੂੰਨ ਔਰ ਇਨਸਾਫ ਉਤੇ ਪੂਰਾ ਭਰੋਸਾ ਏ । ਫੇਰ ਸਾਡੇ ਪਾਸ ਬਕਾਇਦਾ ਰਾਹਦਾਰੀ ਹੈ ।

**ਬਰਕਤੁੱਲਾ**

ਜੇ ਉਹ ਤੁਹਾਨੂੰ ਕੰਢੇ ਲਗਣ ਦੇਣਗੇ ਤਾਂ ਹੀ ਕੋਈ ਚਾਰਾ ਜੋਈ ਕਰੋਗੇ ।

**ਭਗਵਾਨ**

ਤੁਸੀਂ ਤਾਜ਼ਾ ਕਾਨੂੰਨ ਤੋਂ ਵਾਕਫ ਨਹੀਂ ਲਗਦੇ ।

**ਫੌਜੀ**

ਤੁਸੀਂ ਕੌਣ ਹੁੰਦੇ ਓ ਇਹ ਗੱਲਾਂ ਕਹਿਣ ਵਾਲੇ । ਸਾਨੂੰ ਕੋਈ ਤਾਕਤ ਉਤਰਨ ਤੋਂ ਰੋਕ ਨਹੀਂ ਸਕਦੀ, ਅਸੀਂ ਅੰਗਰੇਜ਼ੀ ਸਲਤਨਤ ਦੇ ਬਾਸ਼ਿੰਦੇ ਹਾਂ ।

**ਕਰਮਾ**

ਤੁਸੀਂ ਉਨ੍ਹਾਂ ਦੇ ਏਜੰਟ ਤਾਂ ਨਹੀਂ ?

ਤਿੰਨੇ ਉਨ੍ਹਾਂ ਦੇ ਗਲ ਪੈਣ ਲਗਦੇ ਹਨ ।

**ਗੁਰਦਿਤ**

ਠਹਿਰੋ, ਵਧੀਕੀ ਨਾ ਕਰੋ । ਇਹ ਸਾਡੇ ਦੁਸ਼ਮਣ ਨਹੀਂ !

**ਕਰਮਾ**

ਹੋਰ ਸੱਜਣ ਮਿੱਤਰ ਨੇ, ਦਿਲ ਤੋੜਦੇ ਨੇ ਸਾਡਾ ।

**ਬਾਰੂ**

ਮਸਾਂ ਮਸਾਂ ਸੁਖ ਦਾ ਸਾਹ ਆਣ ਲੱਗਾ ਤੀ ।

**ਭਗਵਾਨ**

ਤੁਸੀਂ ਠੇਕੇਦਾਰ ਭਾਈ ਗੁਰਦਿਤ ਸਿੰਘ ਓ ?

**ਗੁਰਦਿਤ**

ਜੀ ਹਾਂ ।

**ਭਗਵਾਨ**

ਇਹ ਨੇ ਮੌਲਵੀ ਬਰਕਤੁੱਲਾ, ਗੁੱਝੇ ਦੇਸ਼ ਭਗਤ । ਇਥੇ ਟੋਕੀਓ ਯੂਨੀਵਰਸਿਟੀ



ਵਿਚ ਫਾਰਸੀ ਦੇ ਪ੍ਰੋਫੈਸਰ ।

**ਗੁਰਦਿਤ**

ਤੇ ਤੁਸੀਂ ਕੌਣ ਓ ?

**ਭਗਵਾਨ**

ਮੈਂ ਹਾਂ ਭਗਵਾਨ ਸਿੰਘ ਮਾੜਾ ਮੋਟਾ ਦੇਸ਼ ਸੇਵਕ

**ਗੁਰਦਿਤ**

ਹੈਂ ! ਗਿਆਨੀ ਭਗਵਾਨ ਸਿੰਘ, ਪ੍ਰਸਿਧ ਕਵੀ ? ਪਹਿਲਾਂ ਕਿਉਂ ਨਹੀਂ ਦਸਿਆ ।

ਦੋਵੇਂ ਜੱਫੀਆਂ ਪਾ ਕੇ ਮਿਲਦੇ ਹਨ ।
ਤਿੰਨੇ ਮੁਸਾਫਰ ਸਗੋਂ ਚਿੜਦੇ ਹਨ ।

**ਭਗਵਾਨ**

ਭਰਾਵੋ, ਅਸੀਂ ਤੁਹਾਡੇ ਦਿਲੋ ਜਾਨ ਖੈਰ ਖੁਵਾਹ ਹਾਂ । ਮੈਨੂੰ ਉਥੋਂ ਦੇ ਹਾਲਾਤ ਦਾ ਨਿੱਜੀ ਤਜਰਬਾ ਏ । ਮੈਂ ਹਡ ਬੀਤੀ ਦਸਦਾ ਹਾਂ, ਯਕੀਨ ਜਾਣੋ, ਮੈਨੂੰ ਉਥੋਂ ਇਮੀ-ਗਰੇਸ਼ਨ ਮਹਿਕਮੇ ਨੇ ਮੁਸ਼ਕਾਂ ਬੰਨ ਕੇ ਧੱਕੇ ਨਾਲ ਜਾਪਾਨੀ ਜਹਾਜ਼ ਵਿਚ ਸੁਟਿਆ ਸੀ । ਕੱਲੇ ਮਕਾਰ ਅਫਸਰ ਹੋਪ ਕਿਨਸਨ ਨੇ ਤੁਹਾਡੀ ਪੇਸ਼ ਨਹੀਂ ਜਾਣ ਦੇਣੀ ।

**ਗੁਰਦਿਤ**

ਉਹ ਕੌਣ ਹੈ ?

**ਭਗਵਾਨ**

ਹਿੰਦੁਸਤਾਨੀ ਸਰਕਾਰ ਵਲੋਂ ਭੇਜਿਆ ਹੋਇਆ ਇਕ ਸਾਜ਼ਸ਼ੀ ਇਮੀਗਰੇਸ਼ਨ ਅਫਸਰ ।

**ਬਰਕਤੁੱਲਾ**

ਸਾਡੀਆਂ ਗੱਲਾਂ ਦਾ ਬੁਰਾ ਨਾ ਮਨਾਉਣਾ, ਸਾਡਾ ਮਕਸਦ ਸਿਰਫ ਤੁਹਾਨੂੰ ਅਗਾਂਹ ਕਰਨਾ ਹੈ, ਤੁਹਾਡਾ ਦਿਲ ਦੁਖਾਣਾ ਨਹੀਂ ।

**ਭਗਵਾਨ**

ਤੁਹਾਡੇ ਉਤਰਨ ਵਿਚ ਭਾਰੀ ਰੋਕਾਂ ਪਾਈਆਂ ਜਾਣਗੀਆਂ ।

**ਫੌਜੀ**

ਤੁਸੀਂ ਜ਼ਰੂਰ ਉਥੇ ਕੋਈ ਗੜਬੜ ਕੀਤੀ ਹੋਵੇਗੀ, ਅਸੀਂ ਅਜੇਹੇ ਬੰਦੇ ਨਹੀਂ, ਫਰੰਗੀ ਸਰਕਾਰ ਦੇ ਤਨੋ ਮਨੋ ਵਫਾਦਾਰ ਹਾਂ ।

**ਕਰਮਾ**

ਨਾਲੇ ਅਸੀਂ ਰੋਟੀ ਕਮਾਣ ਜਾ ਰਹੇ ਆਂ ਝਗੜੇ ਕਰਨ ਨਹੀਂ । ਸਾਡੇ ਵਰਗੇ

ਕਮਾਊ ਕਾਮੇ ਉਨ੍ਹਾਂ ਨੂੰ ਕਿਥੋਂ ਮਿਲਣਗੇ । ਅਸੀਂ ਬੰਜਰ ਬਾਰਾਂ ਆਬਾਦ ਕਰ ਦਿੱਤੀਆਂ ।

**ਬਾਰੂ**

ਅਸੀਂ ਤਾਂ ਗਰੀਬ ਕਾਮੇ ਮਜੂਰ ਆਂ, ਮਾੜੇ ਤੋਂ ਮਾੜਾ ਕੰਮ ਕਰਨ ਨੂੰ ਤਿਆਰ ਆਂ ।

**ਗੁਰਦਿਤ**

ਤੁਹਾਡੀ ਹਮਦਰਦੀ ਦਾ ਸ਼ੁਕਰੀਆ, ਪਰ ਮੈਨੂੰ ਜ਼ਰਾ ਜਿੰਨਾ ਸ਼ੱਕ ਨਹੀਂ । ਅਸੀਂ ਤਸੱਲੀ ਕਰਕੇ ਹਾਂਗ ਕਾਂਗ ਤੋਂ ਤੁਰੇ ਹਾਂ । ਫੇਰ ਬਹੁਤੇ ਮੁਸਾਫਰ ਜਟ, ਕਾਮੇ ਜਾਂ ਫੌਜੀ ਨੇ ।

**ਭਗਵਾਨ**

ਸਾਨੂੰ ਤੁਹਾਡੇ ਉਤਰਨ ਦੀ ਦਿਲੋਂ ਖੁਸ਼ੀ ਹੋਵੇਗੀ । ਸਗੋਂ ਹੋਰ ਹਿੰਦੀਆਂ ਲਈ ਰਸਤਾ ਖੁਲ ਜਾਵੇਗਾ ।

**ਗੁਰਦਿਤ**

(ਮੁਸਾਫਰਾਂ ਨੂੰ ਇਸ਼ਾਰੇ ਨਾਲ) ਚਲੋ ਸਜਨੋ, ਬਹੁਤ ਵਕਤ ਹੋ ਗਿਆ ਏ ।

ਗੁਰਦਿਤ ਸਿੰਘ ਉਨ੍ਹਾਂ ਨਾਲ ਹਥ ਮਿਲਾ ਕੇ ਚਲਦਾ ਹੈ । ਉਹ ਹਮਦਰਦੀ ਭਰੀਆਂ ਨਜ਼ਰਾਂ ਨਾਲ ਉਨ੍ਹਾਂ ਵਲ ਦੇਖਦੇ ਹਨ ।

**ਭਗਵਾਨ**

ਕਿੰਨੇ ਸਖਤ ਭੁਲੇਖੇ ਵਿਚ ਨੇ ਇਹ ਭੋਲੇ ਭਾਲੇ ਲੋਕ । ਮੈਨੂੰ ਤਾਂ ਇਨ੍ਹਾਂ ਦੀ ਹਾਲਤ ਤੇ ਤਰਸ ਆ ਰਿਹਾ, ਕੀ ਬਣੇਗਾ ਇਨ੍ਹਾਂ ਗਰੀਬਾਂ ਦਾ ।

**ਬਰਕਤੁੱਲਾ**

ਅੰਗਰੇਜ਼ਾਂ ਦੇ ਬਰਖਿਲਾਫ ਇਕ ਵੀ ਲਫਜ਼ ਸੁਨਣ ਲਈ ਤਿਆਰ ਨਹੀਂ । ਕਿਨੇ ਮਾਸੂਮ ਨੇ ।

**ਭਗਵੰਤ**

ਉਹ ਕੀ ਜਾਣ ਸਕਦੇ ਨੇ ਫਰੰਗੀਆਂ ਦੀ ਕੂਟਲਨੀਤੀ ਨੂੰ ।

**ਬਰਕਤੁੱਲਾ**

ਚਲੋ ਮੰਨਿਆ ਮੁਸਾਫਰ ਤਾਂ ਰਾਜਨੀਤੀ ਵਲੋਂ ਕੋਰੇ ਨੇ, ਪਰ ਹੈਰਾਨੀ ਤਾਂ ਗੁਰਦਿਤ ਸਿੰਘ ਦੀ ਸੂਝ ਬੂਝ ਤੇ ਆਉਂਦੀ ਏ ।

**ਭਗਵੰਤ**

ਹੈਰਾਨੀ ਦੀ ਕਿਹੜੀ ਗਲ ਏ, ਉਹ ਮਲਾਇਆ 'ਚ ਅੰਗਰੇਜ਼ਾਂ ਦਾ ਠੇਕੇਦਾਰ ਰਿਹਾਂ, ਠੇਕੇਦਾਰੀ ਦਾ ਦੂਜਾ ਨਾਮ ਵਫਾਦਾਰੀ ਏ ।

ਦੋਵੇਂ ਹਸਦੇ ਹਨ।



**ਬਰਕਤੁੱਲਾ**

ਫਰੰਗੀਆਂ ਨੂੰ ਦੇਵਤੇ ਸਮਝੀ ਬੈਠਾ, ਛੇਤੀ ਭੇਦ ਖੁਲ੍ਹ ਜਾਵੇਗਾ ।

**ਭਗਵਾਨ**

ਤੁਸੀਂ ਗ਼ਦਰ ਦੇ ਪਰਚੇ ਤਾਂ ਫੜਾ ਦਿੱਤੇ ਸਨ ?

**ਬਰਕਤੁੱਲਾ**

ਬੜੀ ਮੁਸ਼ਕਲ ਨਾਲ ਇਕ ਕਿਸਾਨ ਭਾਈ ਦੇ ਹਥ ਦਿੱਤੇ ਸਨ ।

ਥਪ ਕਰਕੇ ਇਕ ਬੰਡਲ ਡਿਗਦਾ ਹੈ ।

**ਕਰਮਾ**

ਆਹ ਸਾਂਭੋ ਆਪਣੇ ਪੜੇ ਪਰਚੇ, ਸਾਨੂੰ ਗਲਤ ਪਟੀਆਂ ਨਾ ਪੜਾਉ ।

**ਭਗਵਾਨ**

ਸਰਦਾਰਾ, ਇਕ ਮਿੰਟ ਗਲ ਤਾਂ ਸੁਣ ।

**ਕਰਮਾ**

ਮੈਂ ਜਾਣਦਾ ਜਿਹੜੀ ਗਲ ਤੂੰ ਆਖਣੀ ਏਂ । ਅਸੀਂ ਗੜ ਬੜ ਕਰਨ ਵਾਲੇ ਬੰਦੇ ਨਹੀਂ, ਸਿਧੇ ਸਾਦੇ ਪੰਜਾਬੀ ਜਟ ਆਂ, ਹਡ ਭੰਨ ਕੇ ਕੰਮ ਕਰਨ ਵਾਲੇ । ਸਾਨੂੰ ਅਵੱਲੇ ਰਾਹ ਨਾ ਪਾਓ ।

ਉਹ ਝਟ ਪਟ ਚਲਾ ਜਾਂਦਾ ਹੈ । ਦੋਵੇਂ ਹੈਰਾਨ ਖੜੇ ਦੇਖਦੇ ਰਹਿੰਦੇ ਹਨ ।

# ਦ੍ਰਿਸ਼ ਤੀਜਾ

**ਢਾਡੀ**

ਬੇੜਾ ਤੇਈ ਮਈ ਸ਼ਾਮ ਨੂੰ ਵੈਨਕੂਵਰ ਪੁੱਜਿਆ
ਜਗ-ਮਗ ਬੱਤੀਆਂ ਦੇਖ ਕੇ ਸਭ ਦਿਲ ਹੁਲਸਾਏ
ਸੁਫਨੇ ਪੂਰੇ ਕਰਨ ਲਈ ਭੈੜੇ ਵਕਤ ਭੁਲਾਏ
ਆਗੂ ਗੁਰਦਿਤ ਸਿੰਘ ਨੂੰ ਸੀ ਵੱਡੀਆਂ ਆਸਾਂ
ਹਫਤੇ ਅੰਦਰ ਢਹਿ ਢੇਰੀ ਹੋਸੀਆਂ
ਜਦ ਇਰ ਵੀ ਹਿੰਦ ਮਹਿਕਮੇਂ ਨਾ ਉਤਰਨ ਦਿੱਤਾ
ਸੋਚਾਂ ਦੇ ਵਿਚ ਪੈ ਗਿਆ ਬਾਬਾ ਗੁਰਦਿਤਾ

**ਮੰਚ ਦਿਸ਼ :** ਵਿਲਿਅਮ ਹੌਪਕਿਨਸਨ ਅਤੇ ਬੇਲਾ ਸਿੰਘ ਗੱਲਾਂ ਕਰਦੇ ਇਮੀਗ੍ਰੇਸ਼ਨ ਦਫਤਰ ਤੋਂ ਬਾਹਰ ਆਉਂਦੇ ਹਨ ।

**ਹੌਪ**

ਬੇਲਾ ਸਿੰਘ, ਤੂੰ ਫਿਕਰ ਮਤ ਕਰ ।

**ਬੇਲਾ**

ਸਰ, ਜਦੋਂ ਦਾ ਜਹਾਜ਼ ਵੈਨਕੂਵਰ ਪੁੱਜਾ ਏ ਮੇਰੀ ਨੀਂਦ ਹਰਾਮ ਹੋ ਚੁੱਕੀ ਏ ।

**ਹੌਪ**

ਕਿਉਂ ? ਕਿਆ ਬਾਤ ਹੈ ?



**ਬੇਲਾ**

ਮੈਨੂੰ ਡਰ ਏ ਕਿਤੇ ਤੁਹਾਡੀ ਹਾਰ ਨਾ ਹੋ ਜਾਵੇ ।

**ਹੌਪ**

ਹੌਪਕਿਨਸਨ ਔਰ ਹਾਰ, ਕੋਈ ਜੋੜ ਮੇਲ ਨਹੀਂ ।
(ਹਸਦਾ ਹੋਇਆ) ਆਹ ਫੜ ਨੋਟ, ਦਾਰੂ ਪੀ ਕੇ ਬੇ ਖੌਫ ਸੌਂ ।

**ਬੇਲਾ**

ਬਹੁਤ ਮਿਹਰਬਾਨੀ । ਸਰ, ਲੋਕੀ ਕਹਿੰਦੇ ਨੇ, ਸ਼ਰਾਬ ਗ਼ਮ ਗਲਤ ਕਰ ਦਿੰਦੀ ਏ, ਪਰ ਪੀ ਕੇ ਮੇਰੀ ਚਿੰਤਾ ਤਾਂ ਚਿਖਾ ਬਣ ਜਾਂਦੀ ਏ ।

**ਹੌਪ**

ਕਿਉਂਕਿ ਤੂੰ ਜ਼ਰੂਰਤ ਤੋਂ ਜ਼ਿਆਦਾ ਫਿਕਰ ਕਰਦਾ ਹੈਂ ।

**ਬੇਲਾ**

ਸਰ, ਫਿਕਰ ਕਿਉਂ ਨਾ ਕਰਾਂ, ਮੇਰੀ ਜਾਨ ਤਾਂ ਹਰ ਵਕਤ ਖਤਰੇ ਵਿਚ ਰਹਿੰਦੀ ਏ । ਸਭ ਪੰਜਾਬੀ ਮੈਨੂੰ ਅੱਖਾਂ ਪਾੜ ਪਾੜ ਦੇਖਦੇ ਨੇ ।

**ਹੌਪ**

ਤੈਨੂੰ ਕਿਸ ਬਾਤ ਦਾ ਡਰ ਹੈ, ਤੇਰੇ ਪਾਸ ਮੁਕੰਮਲ ਹਥਿਆਰ, ਖਾਸ ਸਕਿਉਰਿਟੀ ਹੈ ।

**ਬੇਲਾ**

ਸਰ, ਪਤਾ ਨਹੀਂ ਕਿਉਂ, ਮੈਨੂੰ ਅੰਦਰਲਾ ਡਰ ਵਢ ਵਢ ਖਾਂਦਾ ਏ, ਮਨਾ ਜੇ ਮੁਸਾਫਰ ਉੱਤਰ ਆਏ, ਹਿੰਦੀਆਂ ਦੀ ਚੜ ਮਿਚਣੀ ਏ ਉਨ੍ਹਾਂ ਲੋਕਾਂ ਨੇ ਮੇਰਾ ਜੀਣਾ ਹਰਾਮ ਕਰ ਦੇਣਾ ਏਂ ।

**ਹੌਪ**

ਤੂੰ ਜ਼ਰਾ ਫਿਕਰ ਨਾ ਕਰ । ਮੈਂ ਸਭ ਬੰਦੋਬਸਤ ਕੀਤਾ ਹੋਇਆ ਹੈ ।

**ਬੇਲਾ**

ਸਰ; ਤੁਹਾਨੂੰ ਅਜੇ ਪੂਰਾ ਪਤਾ ਨਹੀਂ ਲੱਗਾ, ਮੈਂ ਸਭ ਭੇਦ ਕਢ ਚੁੱਕਾ । ਠੇਕੇਦਾਰ ਗੁਰਦਿਤਾ ਲੂੰਬੜ ਨਾਲੋਂ ਜ਼ਿਆਦਾ ਚਲਾਕ ਏ । ਤਾਂਹੀਂ ਤੇ ਹਾਂਗ ਕਾਂਗ ਸਰਕਾਰ ਤੋਂ ਰਾਹਦਾਰੀ ਹਾਸਲ ਕਰਨ ਵਿਚ ਕਾਮਯਾਬ ਹੋ ਗਿਆ ।

ਹੌਪ

ਬੇਲਾ ਸਿੰਘ, ਮੇਰਾ ਨਾਮ ਹੌਪ ਕਿਨਸਨ ਹੈ ਹਿੰਦੀਆਂ ਲਈ ਹਊਆ।

ਬੇਲਾ

(ਝੋਲੀ ਚੁਕਦਾ ਹੋਇਆ) ਉਹ ਤਾਂ ਬਿਲਕੁਲ ਸਚ ਹੈ ਸਰ।

ਹੌਪ

ਮੈਂ ਸੱਤਾਂ ਸਮੁੰਦਰਾਂ ਦਾ ਪਾਣੀ ਪੀਤਾ ਹੋਇਆ, (ਹਸ ਕੇ) ਤੇਰੇ ਪੰਜਾਬ ਦਾ ਵੀ।

ਬੇਲਾ

ਸਰ, ਤਾਹੀਂ ਤੇ ਆਪਾਂ ਦੀ ਰਗ ਰਲਦੀ ਏ।

ਦੋਵੇਂ ਹਸਦੇ ਹਨ।

ਹੌਪ

ਤੂੰ ਪੂਰੀ ਤਸੱਲੀ ਰਖ, ਮੈਂ ਉਸਦੀ ਕੋਈ ਚਲਾਕੀ ਚਲਣ ਨਹੀਂ ਦਿਆਂਗਾ।

ਬੇਲਾ

ਸਰ, ਜੇ ਉਸ ਨੇ ਉੱਤਰ ਕੇ ਹਾਈ ਕੋਰਟ ਵਿਚ ਰਿਟ ਕਰ ਦਿੱਤੀ। ਉਹ ਪੱਕਾ ਮੁਕਦਮੇਬਾਜ਼ ਏ। ਪਤਾ ਲੱਗਾ ਏ ਉਹਦੀ ਅੱਧੀ ਦਿਹਾੜੀ ਕਚਹਿਰੀਆਂ ਵਿਚ ਲੰਘਦੀ ਸੀ। ਇਸੇ ਹੌਂਸਲੇ ਤੇ ਉਹ ਮੂੰਹ ਚੁਕ ਕੇ ਕਨੇਡਾ ਵਲ ਤੁਰਿਆ ਸੀ।

ਹੌਪ

ਬੇਲਾ ਸਿੰਘ, ਪੱਥਰ ਤੇ ਲੀਕ ਸਮਝ, ਉਹ ਹਰਗਿਜ਼ ਉੱਤਰ ਨਹੀਂ ਸਕੇਗਾ।

ਬੇਲਾ

ਸਰ, ਦੁਨੀਆਂ 'ਚ ਕੋਈ ਗਲ ਅਸਭੰਵ ਨਹੀਂ।

ਹੌਪ

ਬੇਲਾ ਸਿੰਘ, ਕਾਨੂੰਨ ਦੇ ਖਿਲਾਫ ਕਿਆ ਕਰੇਗਾ। ਤਿੰਨਾਂ ਵਿਚੋਂ ਇਕ ਸ਼ਰਤ ਵੀ ਪੂਰੀ ਨਹੀਂ ਕਰਦਾ।

ਬੇਲਾ

ਮੇਰੇ ਖਿਆਲ 'ਚ ਤਾਂ ਸਿਰਫ ਇਕੋ ਸ਼ਰਤ ਉਨ੍ਹਾਂ ਨੇ ਭੰਗ ਕੀਤੀ ਏ।

ਹੌਪ

ਮਸਲਿਨ ਉਹ ਕਿਹੜੀ ?

ਬੇਲਾ

ਜਹਾਜ਼ ਸਿੱਧਾ ਕਲਕੱਤੇ ਤੋਂ ਨਹੀਂ ਆਇਆ।

ਹੌਪ

ਦੋ ਸੌ ਡਾਲਰ ਹਰ ਮੁਸਾਫਰ ਪਾਸ ਹੋਣੇ ਵੀ ਜ਼ਰੂਰੀ ਹੈਨ।



ਬੇਲਾ

ਸਰ, ਗੁਰਦਿੱਤਾ ਬਹੁਤ ਮਾਲਦਾਰ ਸਾਮੀ ਐਂ। ਦੋ ਸੌ ਡਾਲਰ ਫੀ ਮੁਸਾਫਰ ਕੋਲੋਂ ਭਰ ਦੇਵੇਗਾ। ਉਸ ਨੂੰ ਕੀ ਫ਼ਰਕ ਪੈਂਦਾ ਏ।

ਹੌਪ

ਬੇਲਾ ਸਿੰਘ, ਮੇਰੇ ਹਥ ਬਹੁਤ ਲੰਮੇ ਨੇ। ਰਾਹ 'ਚ ਸੈਂਕੜੇ ਰੋਕਾਂ ਖੜੀਆਂ ਕਰ ਸਕਦਾਂ ਹਾਂ।

ਬੇਲਾ

ਸਰ, ਹੁਣ ਤਕ ਤੁਹਾਡਾ ਵਾਹ ਭੋਲੇ ਭਾਲੇ ਪੰਜਾਬੀਆਂ ਨਾਲ ਪਿਆ ਏ, ਗੁਰਦਿੱਤੇ ਵਰਗਾ ਹੁਸ਼ਿਆਰ ਬੰਦਾ ਤੁਹਾਨੂੰ ਪਹਿਲੀ ਦਫਾ ਟਕਰਿਆ ਏ।

ਹੌਪ

ਬੇਲਾ ਸਿੰਘ, ਤੈਨੂੰ ਅੰਦਰੂਨੀ ਭੇਦ ਦੀ ਖਬਰ ਨਹੀਂ ਸ਼ਾਇਦ। ਕੈਨੇਡਾ ਸਰਕਾਰ, ਪਰਾਈਮ ਮਨਿਸਟਰ, ਮੇਅਰ ਵੈਨਕੂਵਰ, ਪੁਲੀਸ, ਫੌਜ ਸਭ ਮੇਰੀ ਪਿਠ ਤੇ ਹਨ। ਫੇਰ ਸਟੀਵਨ ਤੇ ਰੀਡ ਸਾਹਿਬ ਦੋਵੇਂ ਮੇਰੇ ਕੋਲੋਂ ਵੀ ਸਖਤ ਨੇ ਇਸ ਮਾਮਲੇ ਵਿਚ।

ਬੇਲਾ

ਸਰ, ਪਤਾ ਨਹੀਂ ਕਿਉਂ, ਡਰ ਮੇਰੇ ਅੰਦਰ ਘਰ ਕਰ ਚੁੱਕਾ ਏ। ਮੇਰੀ ਵਾਈਫ ਦਸਦੀ ਏ ਰਾਤ ਨੂੰ ਮੈਂ ਬਰੜਾ ਬਰੜਾ ਕੇ ਉਠਦਾ ਹਾਂ। ਤੁਹਾਡੀ ਦੋਸਤੀ ਪਿੱਛੇ ਮੈਂ ਕੁਲ ਹਿੰਦੀਆਂ ਨੂੰ ਦੁਸ਼ਮਣ ਬਣਾਇਆ ਹੋਇਆ ਏ। ਸਭ ਮੈਨੂੰ ਸਰਕਾਰੀ ਕੁੱਤਾ ਤੇ ਕਾਲੀ ਭੇਡ ਸਦਦੇ ਨੇ।

ਹੌਪ

(ਉੱਚੀ ਹਸਦਾ ਹੋਇਆ) ਬੇਲਾ ਸਿੰਘ, ਤੂੰ ਕਾਲੀ ਭੇਡ ਨਹੀਂ, ਬਰਾਊਨ ਸ਼ੇਰ ਹੈਂ ਸ਼ੇਰ।

ਬੇਲਾ

ਸਰ, ਤੁਹਾਡੇ ਸਿਰ ਸਦਕਾ ਹੀ ਸ਼ੇਰ ਹਾਂ ਵਰਨਾ ਉਹ ਤਾਂ ਮੈਨੂੰ ਭਿੱਜੀ ਬਿੱਲੀ ਹੀ ਸਮਝਦੇ ਨੇ। ਸਰ, ਬਦਾਂ ਨੇ ਸਭ ਦੇ ਨਾਂ ਕੁਨਾਂ ਪਾਏ ਹੋਏ ਨੇ।

ਹੌਪ

ਮੇਰਾ ਵੀ ?

ਬੇਲਾ

ਹਾਂ, ਸਰ।

ਹੌਪ

ਦਸ ਦਸ ਝਕਦਾ ਕਿਉਂ ਹੈ ?

**ਬੇਲਾ**

ਸਰ, ਤੁਹਾਨੂੰ ਉਹ ਦਮੂੰਹੀ ਤੇ ਜ਼ਹਰੀਲਾ ਸਪ ਕਹਿੰਦੇ ਨੇ ।

**ਹੌਪ**

(ਗੁੱਸਾ ਪੀਂਦਾ ਹੋਇਆ) ਕੋਈ ਬਾਤ ਨਹੀਂ । ਮੈਂ ਇਨ੍ਹਾਂ ਨਾਲ ਸਿਝ ਲਵਾਂਗਾ ।

**ਬੇਲਾ**

ਸਰ, ਅਜ ਲਈ ਕੀ ਹੁਕਮ ਏ ।

**ਹੌਪ**

(ਆਪਣੇ ਆਪ ਤੇ ਕਾਬੂ ਪਾ ਕੇ) ਹਾਂ, ਜਹਾਜ਼ ਦੇ ਡਾਕਟਰ ਰਘੂ ਨਾਥ ਸਿੰਘ ਸਾਥ ਮੇਲ ਮੁਲਾਕਾਤ ਬਢਾਉ । ਉਸ ਨੂੰ ਪ੍ਰੇਰਕੇ ਮੇਰੇ ਪਾਸ ਲਾਉ ।

**ਬੇਲਾ**

ਸਰ, ਮੈਂ ਜਹਾਜ਼ ਵਿਚ ਕਿਸ ਤਰ੍ਹਾਂ ਜਾ ਸਕਦਾਂ ।

**ਹੌਪ**

ਅਸੀਂ ਉਸ ਦੀ ਫੈਮਲੀ ਨੂੰ ਉਤਰਨ ਦੀ ਖੁਲ ਦੇ ਦਿੱਤੀ ਹੈ ।

**ਬੇਲਾ**

ਸਰ, ਫੇਰ ਕੀ ਮੁਸ਼ਕਲ ਏ । ਤੁਹਾਡੇ ਬੱਤੀ ਦੰਦਾਂ ਵਿਚੋਂ ਨਿਕਲੀ ਗਲ ਜ਼ਰੂਰ ਪੂਰੀ ਹੋਵੇਗੀ।

**ਹੌਪ**

ਹੋਰ ਸੁਣ । ਉਨ੍ਹਾਂ ਮੁਸਾਫਰਾਂ ਦੇ ਨਾਮ ਨੋਟ ਕਰ ਕੇ ਲਿਆ ਜਿਹੜੇ ਗੁਰਦਿੱਤੇ ਦੇ ਬਰਖਿਲਾਫ ਖੜੇ ਹੋ ਸਕਦੇ ਨੇ । ਬੇਸ਼ਕ ਉਨ੍ਹਾਂ ਨੂੰ ਉਤਾਰਨ ਦਾ ਲਾਰਾ ਲਾ ਦੇਵੀਂ । ਲੋਭ ਲਾਲਚ ਹੀ ਬੰਦੇ ਨੂੰ ਧਰਮ ਤੋਂ ਗਰਾਂਦਾ । ਖਰਚੇ ਦੀ ਪਰਵਾਹ ਨਾ ਕਰੀਂ । ਤੂੰ ਵੀ ਮਾਲਾ ਮਾਲ ਹੋ ਜਾਵੇਗਾ ।

**ਬੇਲਾ**

(ਝੁਕ ਕੇ ਸਲਾਮ ਕਰਦਾ ਹੋਇਆ) ਸਰ, ਇਹ ਖਾਦਮ ਤੁਹਾਡਾ ਹਰ ਹੁਕਮ ਬਜਾ ਲਿਆਵੇਗਾ ।



# ਦ੍ਰਿਸ਼ ਚੌਥਾ

ਮੰਚ ਦ੍ਰਿਸ਼ : ਜਹਾਜ਼ ਦੇ ਡੈੱਕ ਉੱਤੇ ਗੁਰਦਿੱਤ ਸਿੰਘ ਅਤੇ ਮੀਰ ਮੁਹੰਮਦ ਖੜੇ ਗੱਲਾਂ ਕਰ ਰਹੇ ਹਨ । ਮੀਰ ਦੇ ਹੱਥ ਵਿਚ ਸ਼ੀਸ਼ਾ ਝੰਡੀ ਹੈ ।

**ਗੁਰਦਿਤ**

ਮੀਰ ਸਾਹਿਬ, ਤੁਸੀਂ ਆਪਣੇ ਜੰਤਰ ਰਾਹੀਂ ਇਹ ਪਤਾ ਲਓ, ਹਿੰਦੀ ਭਰਾ ਸਾਨੂੰ ਉਤਾਰਨ ਲਈ ਕੀ ਕੁਝ ਕਰ ਰਹੇ ਨੇ । ਸਾਫ ਦਸ ਦਿਓ ਜੇ ਉਨ੍ਹਾਂ ਨੇ ਕੋਈ ਚਾਰਾ ਜੋਈ ਨਾ ਕੀਤੀ ਤਾਂ ਸਾਡੀ ਹਾਲਤ ਬਹੁਤ ਨਾਜ਼ਕ ਤੇ ਖਤਰਨਾਕ ਹੋ ਜਾਵੇਗੀ ।

**ਮੀਰ**

ਸਚ ਫਰਮਾਂਦੇ ਓ, ਮੁਸਾਫਰਾਂ ਦੇ ਸਬਰ ਦਾ ਪਿਆਲਾ ਮੂੰਹੋਂ ਮੂੰਹ ਭਰ ਚੁੱਕਾ ਏ।

**ਗੁਰਦਿਤ**

ਆਖਰ ਉਹ ਇਨਸਾਨ ਨੇ, ਸਬਰ ਦੀ ਵੀ ਕੋਈ ਹੱਦ ਹੁੰਦੀ ਏ ।

**ਮੀਰ**

ਦਰੁਸੱਤ ਹੈ।

**ਗੁਰਦਿਤ**

ਜਿਹੜੇ ਕਲ ਅਖ ਉੱਚੀ ਨਹੀਂ ਸਨ ਕਰਦੇ ਅਜ ਉਹ ਗੁਸਤਾਖੀ ਭਰੇ ਸਵਾਲ ਜਵਾਬ ਕਰ ਰਹੇ ਨੇ । ਕਈਆਂ ਨੂੰ ਸਾਡੀ ਯੋਗਤਾ ਤੇ ਦਿਆਨਤਦਾਰੀ ਤੇ ਸ਼ਕ ਪੈਦਾ ਹੋ ਗਿਆ ਏ ।

**ਮੀਰ**

ਵਾਕਿਆ ਈ ਬਹੁਤ ਖਤਰਨਾਕ ਹਾਲਤ ਪੈਦਾ ਹੋ ਚੁੱਕੀ ਏ । ਜਲਦੀ ਕੋਈ ਉਪਰਾਲਾ ਕਰਨਾ ਚਾਹੀਦਾ ਏ ।

**ਗੁਰਦਿਤ**

(ਹੇਠ ਵਲ ਦੇਖ ਕੇ) ਮਲੂਮ ਹੁੰਦਾ ਕੋਈ ਅਗਨ ਬੋਟ ਜਹਾਜ਼ ਨਾਲ ਲਗਾ ਏ ।

**ਮੀਰ**

ਹੋ ਸਕਦਾ ਹਿੰਦੀ ਭਰਾ ਅਖ ਬਚਾ ਕੇ ਆ ਗਏ ਹੋਣ ।

**ਗੁਰਦਿਤ**

ਦਿਨੇ ਇਹ ਗਲ ਸੰਭਵ ਨਹੀਂ। ਚੌਹੀਂ ਪਾਸੀਂ ਨਜ਼ਰ ਤਾਂ ਮਾਰ ਕਿਵੇਂ ਘੇਰਾ ਪਾਇਆ ਹੋਇਆ ਏ। ਕਿਧਰੇ ਹਿਲ ਜੁਲ ਨਹੀਂ ਸਕਦੇ, ਪੂਰੀ ਤਰ੍ਹਾਂ ਕੈਦੀ ਹਾਂ।

**ਇਕ ਮੁਸਾਫਰ**

ਭਾਈ ਸਾਹਿਬ, ਤੁਹਾਨੂੰ ਕੋਈ ਮਿਲਣ ਆਇਆ ਏ।

**ਗੁਰਦਿਤ**

ਕੋਈ ਗੋਰਾ ਏ ਕਿ ਆਪਣਾ ਦੇਸੀ ਭਰਾ ?

**ਮੁਸਾਫਰ**

ਨਾ ਗੋਰਾ ਏ ਨਾ ਆਪਣਾ ਵਤਨੀ। ਸ਼ਕਲ ਸੂਰਤ ਤੋਂ ਪੰਜਾਬੀ ਲਗਦਾ ਉੱਚਾ ਲੰਮਾਂ, ਪਹਿਰਾਵਾ ਫਰੰਗੀਆਂ ਅਰਗਾ।

**ਗੁਰਦਿਤ**

(ਬੜੇ ਧੀਰਜ ਨਾਲ) ਬੋਲੋ ਮੈਂ ਆ ਰਿਹਾਂ ਹੇਠਾਂ। (ਮੀਰ ਨੂੰ) ਅਨ੍ਹੇਰਾ ਹੋ ਰਿਹਾ ਏ, ਤੁਸੀਂ ਪੂਰੀ ਹੁਸ਼ਿਆਰੀ ਨਾਲ ਆਪਣਾ ਕੰਮ ਸ਼ੁਰੂ ਕਰੋ, ਭਰਾਵਾਂ ਨਾਲ ਸੰਬੰਧ ਕਾਇਮ ਕਰੋ, ਉਨ੍ਹਾਂ ਨੂੰ ਸਾਡੀ ਨਾਜ਼ੁਕ ਹਾਲਤ ਤੋਂ ਜਾਣੂ ਕਰਵਾਓ।

**ਮੀਰ**

ਜਨਾਬ, ਸ਼ੀਸ਼ਾ ਝੰਡੀ ਨਾਲ ਬਰੀਕ ਗੱਲਾਂ ਨਹੀਂ ਹੋ ਸਕਦੀਆਂ ਇਸ਼ਾਰੇ ਮਾਤਰ ਸੁਨੇਹਾ ਲਿਆ ਦਿੱਤਾ ਜਾ ਸਕਦਾ ਹੈ।

**ਗੁਰਦਿਤ**

ਸ਼ਾਬਾਸ਼, ਤੁਸੀਂ ਆਪਣਾ ਕੰਮ ਸ਼ੁਰੂ ਕਰੋ।

ਗੁਰਦਿਤ ਸਿੰਘ ਹੇਠ ਉਤਰਦਾ ਹੈ। ਹੋਪਕਿਨਸਨ ਉਸਦੀ ਉਡੀਕ ਵਿਚ ਬੇ-ਆਰਾਮ ਖੜ੍ਹਾ ਹੈ।

**ਹੋਪ**

(ਅੱਗੇ ਵਧ ਕੇ ਹਥ ਮਿਲਾਕੇ) ਜੇ ਮੈਂ ਭੁਲਦਾ ਨਹੀਂ, ਆਪ ਗਿਆਨੀ ਗੁਰਦਿਤ ਸਿੰਘ ਹੋ ?

**ਗੁਰਦਿਤ**

ਜੀ ਹਾਂ।

**ਹੋਪ**

ਜਿਸ ਤਰ੍ਹਾਂ ਸੁਣਦੇ ਸੀ, ਉਸ ਨਾਲੋਂ ਵਧ ਦਰਸ਼ਨੀ ਗੁਰਸਿੱਖ ਹੋ।



**ਗੁਰਦਿਤ**

ਜਨਾਬ, ਮੈਂ ਤਾਂ ਗੁਰੂ ਦਾ ਅਦਨਾ ਜਿ ਹਾ ਸ਼ਿਸ਼ ਹਾਂ।

**ਹੋਪ**

ਮਿਲਕੇ ਦਿਲੀ ਖੁਸ਼ੀ ਹੋਈ ਹੈ।

**ਗੁਰਦਿਤ**

ਮੈਨੂੰ ਵੀ। ਤੁਹਾਡਾ ਇਸਮ ਸ਼ਰੀਫ ?

**ਹੋਪ**

ਮੇਰਾ ਨਾਮ ਵਿਲੀਅਮ ਚਾਰਲਸ ਹੋਪਕਿਨਸਨ ਹੈ। ਇਮੀਗ੍ਰੇਸ਼ਨ ਮਹਿਕਮੇ ਵਿਚ ਮਲੂਮੀ ਜਿਹਾ ਦੋ-ਭਾਸ਼ੀਆ ਹਾਂ।

**ਗੁਰਦਿਤ**

(ਦਵਾਰਾ ਹਥ ਮਿਲਾਕੇ) ਅੱਛਾ! ਮਿਲ ਕੇ ਬਹੁਤ ਖੁਸ਼ੀ ਹੋਈ ਹੈ। ਤੁਹਾਡੇ ਬਾਰੇ ਬਹੁਤ ਕੁਝ ਸੁਣਿਆ ਸੀ।

**ਹੋਪ**

(ਮੁਸਕਾਂਦਾ ਹੋਇਆ) ਦੋ ਭਾਸ਼ੀਆ ਦੋ ਧਿਰਾਂ ਦੀ ਰੰਨ ਹੁੰਦਾ ਹੈ। ਬਦਨਾਮੀ ਦਾ ਸਹਿਜੇ ਸ਼ਿਕਾਰ ਹੋ ਜਾਂਦਾ ਹੈ।

**ਗੁਰਦਿਤ**

(ਹਸਦਾ ਹੋਇਆ) ਤੁਹਾਡੇ ਬਾਰੇ ਐਸੀ ਕੋਈ ਅਫਵਾਹ ਨਹੀਂ।

**ਹੋਪ**

ਥੈਂਕ ਯੂ।

**ਗੁਰਦਿਤ**

ਤੁਹਾਡੀ ਬਹੁਤ ਮਿਹਰਬਾਨੀ, ਤੁਸੀਂ ਖੁਦ ਤਸ਼ਰੀਫ ਲਿਆਏ ਓ, ਮੈਂ ਖੁਦ ਤੁਹਾਨੂੰ ਮਿਲਣ ਦਾ ਬਹੁਤ ਖਾਹਸ਼ਮੰਦ ਸੀ।

**ਹੋਪ**

ਫੇਰ ਤਾਂ ਦੋਨੋਂ ਤਰਫ ਮਿਲਣ ਦੀ ਖਾਹਸ਼ ਬਰਾਬਰ ਸੀ। ਐਕਸ਼ਨ ਦਾ ਰੀ-ਐਕਸ਼ਨ ਹੁੰਦਾ ਹੀ ਹੈ। ਫੇਰ ਮੌਡਰਨ ਸਾਇੰਸ ਮੁਤਾਬਕ ਇਕ ਦਿਲ ਦੂਜੇ ਨਾਲ ਦੂਰੋਂ ਕੌਰਸਪੌਂਡ ਕਰ ਸਕਦਾ ਹੈ।

**ਗੁਰਦਿਤ**

ਬਹੁਤ ਖੂਬ। ਜ਼ਮਾਨੇ ਤੋਂ ਬਹੁਤ ਸੁਚੇਤ ਜਾਪਦੇ ਓ।

ਹੌਪ

ਥੈਂਕ ਯੂ ।

ਗੁਰਦਿਤ

ਜਨਾਬ, ਇਹ ਦੱਸੋ, ਮੁਸਾਫਰਾਂ ਨੂੰ ਉਤਰਨ ਕਿਉਂ ਨਹੀਂ ਦਿੱਤਾ ਜਾ ਰਿਹਾ ?

ਹੌਪ

ਗਵਰਨਰ-ਇਨ-ਕੌਂਸਲ ਦੇ ਤਾਜ਼ਾ ਹੁਕਮ ਅਨੁਸਾਰ ਮੁਸਾਫਰ ਉੱਤਰ ਨਹੀਂ ਸਕਦੇ ।

ਗੁਰਦਿਤ

ਕਿਉਂ ਭਲਾ ?

ਹੌਪ

ਅਵੱਲ, ਜਹਾਜ਼ ਸਿੱਧਾ ਕਲਕੱਤੇ ਤੋਂ ਨਹੀਂ ਆਇਆ ।

ਗੁਰਦਿਤ

ਇਹ ਤਾਂ ਮਹਿਜ਼ ਬਹਾਨਾ ਏ । ਕਲਕੱਤੇ ਤੋਂ ਕੋਈ ਜਹਾਜ਼ ਸਿੱਧਾ ਇਥੇ ਨਹੀਂ ਆਉਂਦਾ । ਹਾਂਗ ਕਾਂਗ ਤੋਂ ਹਰ ਹਾਲਤ ਵਿਚ ਬਦਲੀ ਕਰਨਾ ਪੈਂਦਾ ਏ ।

ਹੌਪ

ਮੈਂ ਤਾਂ ਇਮੀਗ੍ਰੇਸ਼ਨ ਮਹਿਕਮੇ ਦਾ ਮਲੂਮੀ ਮੁਲਾਜ਼ਮ ਹਾਂ ।

ਗੁਰਦਿਤ

ਮੈਨੂੰ ਪਤਾ ਲੱਗਾ ਏ, ਬਹੁਤ ਕੁਝ ਤੁਹਾਡੇ ਹਥ ਵਸ ਏ ।

ਹੌਪ

ਮਜ਼ਾਕ ਕਰ ਰਹੇ ਓ ।

ਗੁਰਦਿਤ

ਸਚ ਕਹਿ ਰਿਹਾਂ । ਜਨਾਬ, ਕੋਈ ਰਾਹ ਕੱਢੋ ।

ਹੌਪ

ਕਿਆ ਆਪ ਜ਼ਰੂਰ ਉਤਰਨਾ ਚਾਹੁੰਦੇ ਓ ?

ਗੁਰਦਿਤ

ਜਨਾਬ, ਹੋਰ ਐਨੇ ਕਸ਼ਟ ਕਿਸ ਵਾਸਤੇ ਸਹਾਰੇ ਨੇ ।

ਹੌਪ

ਉਤਰਨ ਲਈ ਤੁਹਾਨੂੰ ਭਾਰੀ ਕੀਮਤ ਅਦਾ ਕਰਨੀ ਪਵੇਗੀ ।



ਗੁਰਦਿਤ

ਮੈਂ ਹਰ ਕੀਮਤ ਦੇਣ ਲਈ ਤਿਆਰ ਹਾਂ । ਬੋਲੋ ਕਿੰਨਾ ਨਾਮਾ ਖਰਚਣਾ ਪਵੇਗਾ ।

ਹੌਪ

ਕਮ ਅਜ਼ ਕਮ ਪੰਜ ਹਜ਼ਾਰ ਡਾਲਰ, ਸਿਰਫ਼ ਤੁਹਾਡੇ ਉਤਰਨ ਲਈ

ਗੁਰਦਿਤ

ਮੈਨੂੰ ਮਨਜ਼ੂਰ ਹੈ । ਬਾਕੀਆਂ ਦਾ ਮੈਂ ਉੱਤਰ ਕੇ ਖੁਦ ਬੰਦੋਬਸਤ ਕਰ ਲਵਾਂਗਾ । ਹਜ਼ਾਰ ਮੈਂ ਹੁਣੇ ਪੇਸ਼ਗੀ ਦਿੰਦਾ ਹਾਂ, ਬਾਕੀ ਬੀਚ ਤੇ ਉੱਤਰ ਕੇ ।

ਹੌਪ

ਦੋ ਸ਼ਰਤਾਂ ਤੇ ਗਲ ਤੈਅ ਹੋ ਸਕਦੀ ਹੈ

ਗੁਰਦਿਤ

ਉਹ ਸ਼ਰਤਾਂ ਵੀ ਦਸ ਦਿਉ

ਹੌਪ

ਇਕ ਤਾਂ ਇਹ ਭੇਦ ਬਿਲਕੁਲ ਗੁਪਤ ਰਹਿਣਾ ਚਾਹੀਦਾ ਹੈ ।

ਗੁਰਦਿਤ

ਮਨਜ਼ੂਰ ਹੈ । ਦੂਜੀ ?

ਹੌਪ

ਦੂਜੇ ਗੁਰੂ ਗ੍ਰੰਥ ਸਿਰ ਪਰ ਰਖ ਕੇ ਕਸਮ ਖਾਣੀ ਪਵੇਗੀ ।

ਗੁਰਦਿਤ

ਇਹ ਨਹੀਂ ਹੋ ਸਕਦਾ

ਹੌਪ

ਕਿਉਂ ?

ਗੁਰਦਿਤ

ਇਕ ਗੁਰ ਸਿਖ ਕਦੇ ਝੂਠ ਨਹੀਂ ਬੋਲਦਾ । ਉਹ ਕੌਲ ਤੋਂ ਕਦੇ ਨਹੀਂ ਹਾਰਦਾ ।

ਹੌਪ

ਮੈਂ ਕੈਸੇ ਇਤਬਾਰ ਕਰ ਸਕਦਾਂ ।

ਗੁਰਦਿਤ

ਕੀ ਗਰੰਟੀ ਏ ਪੇਸ਼ਗੀ ਲੈ ਕੇ ਮੈਨੂੰ ਉਤਰਨ ਦਿਉਗੇ ।

ਹੌਪ

(ਗੁੱਸੇ ਨਾਲ) ਜੇ ਨਹੀਂ ਯਕੀਨ ਤਾਂ ਬੈਠੋ ਆਰਾਮ ਨਾਲ ਸਮੁੰਦਰ ਵਿਚ

ਗੁਰਦਿਤ

ਤੁਹਾਨੂੰ ਕਾਨੂੰਨੀ ਤੌਰ ਤੇ ਉਤਰ ਕੇ ਦੱਸਾਂਗਾ। ਅਸੀਂ ਸਭ ਪਾਸੇ ਤਾਰਾਂ ਦਿੱਤੀਆਂ ਹੋਈਆਂ ਨੇ।

ਹੋਪ

ਚੰਗੀ ਗਲ ਹੈ। ਮੈਂ ਵੀ ਦੇਖਾਂਗਾ ਕਿਹੜੇ ਘਾਟ ਉਤਰਦੇ ਹੋ।

ਫਟਾ ਫਟ ਭਰਿਆ ਪੀਤਾ ਜਾਂਦਾ ਹੈ।

ਫੌਜੀ

ਭਾਈ ਸਾਹਿਬ ਉਹ ਬੇਹੜਾ ਜਿਹਾ ਕੌਣ ਸੀ। ਧਮਕੀ ਦੇ ਰਿਹਾ ਸੀ ਤੁਹਾਨੂੰ ?

ਗੁਰਦਿਤ

ਉਹੋ ਸ਼ਖਸ ਸਾਰੀ ਕਲਾ ਦਾ ਮੂਲ ਏ। ਮੈਨੂੰ ਉਤਾਰਨ ਲਈ ਪੰਜ ਹਜ਼ਾਰ ਡਾਲਰ ਰਿਸ਼ਵਤ ਮੰਗ ਰਿਹਾ ਸੀ।

ਫੌਜੀ

ਫੇਰ ਮਾਰੋ ਮੱਥੇ। ਸਭ ਦੀ ਜਾਨ ਸੁਖਾਲੀ ਹੋਵੇ। ਫੀ ਮੁਸਾਫ਼ਰ ਪੰਦਰਾਂ ਡਾਲੇ ਹਿੱਸੇ ਨਹੀਂ ਆਉਂਦੇ।

ਗੁਰਦਿਤ

ਇਸ ਦੀਆਂ ਗੱਲਾਂ ਤੋਂ ਮੈਨੂੰ ਯਕੀਨ ਹੋ ਗਿਆ ਏ ਕਿ ਅਸੀਂ ਕਾਨੂੰਨੀ ਤੌਰ ਤੇ ਉਤਰ ਸਕਦੇ ਆਂ, ਵਰਨਾ ਉਹ ਹਰਗਿਜ਼ ਨਾ ਆਉਂਦਾ।

ਫੌਜੀ

ਭਾਈ ਸਾਹਿਬ, ਹੁਣ ਕਿਆਸ ਅਰਾਈਆਂ ਛਡੋ। ਤੁਸੀਂ ਮੌਕੇ ਦੀ ਨਜ਼ਾਕਤ ਨਹੀਂ ਭਾਫ਼ ਰਹੇ। ਮੁਸਾਫ਼ਰ ਆਪੇ ਤੋਂ ਬਾਹਰ ਹੋ ਰਹੇ ਨੇ। ਸਾਡੇ ਨਾਲ ਦਿਨ ਰਾਤ ਝਗੜਦੇ ਨੇ।

ਗੁਰਦਿਤ

ਸਾਡੇ ਵਤਨੀ ਵੀਰ ਪੂਰਾ ਜ਼ੋਰ ਲਾ ਰਹੇ ਨੇ। ਉਨ੍ਹਾਂ ਵਕੀਲ ਕਰ ਲਿਆ ਏ। ਰਿਟ ਦਰਜ ਕਰਨ ਲੱਗੇ ਨੇ। ਸਬਰ ਕਰੋ।

ਫੌਜੀ

ਮੁਸਾਫ਼ਰ ਸਬਰ ਦੀ ਹਦ ਟਪ ਚੁੱਕੇ ਨੇ, ਬਗਾਵਤ ਕਰਨ ਨੂੰ ਫਿਰਦੇ ਨੇ।



ਗੁਰਦਿਤ

ਉਨ੍ਹਾਂ ਨੂੰ ਸਮਝਾਉ। ਸਭ ਨੂੰ ਲੈ ਡੁਬਣਗੇ।

ਫੌਜੀ

ਤੁਹਾਨੂੰ ਡਾਲਰ ਪਿਆਰੇ ਨੇ। ਪੌਣੇ ਚਾਰ ਸੌ ਜਾਨਾਂ ਦੀ ਕੋਈ ਪਰਵਾਹ ਨਹੀਂ। ਰਾਸ਼ਨ ਪਾਣੀ ਖਤਮ ਹੋ ਚੁੱਕਾ ਹੈ। ਭੁੱਖੇ ਮੁਸਾਫ਼ਰ ਤੁਹਾਡੇ ਗਲ ਪੈਣ ਨੂੰ ਫਿਰਦੇ ਨੇ। ਹੁਣ ਤਕ ਮੈਂ ਸਭ ਨੂੰ ਰੋਕੀ ਜਾ ਰਿਹਾ ਸੀ ਪਰ ਅਜ ਮੈਨੂੰ ਵੀ ਤੁਹਾਡੀ ਸੂਝ ਸਿਆਣਪ ਤੇ ਸ਼ਕ ਪੈਦਾ ਹੋ ਗਿਆ ਹੈ।

ਗੁਰਦਿਤ

ਸਰਦਾਰ ਦੁੱਲਾ ਸਿੰਘ, ਜ਼ਰਾ ਗਲ ਤਾਂ ਸੁਣ।

ਫੌਜੀ ਗੁੱਸੇ ਨਾਲ ਚਲਾ ਜਾਂਦਾ ਹੈ।

ਗੁਰਦਿਤ ਸਿੰਘ ਗੰਭੀਰ ਸੋਚਾਂ ਵਿਚ ਡੁਬ ਜਾਂਦਾ ਹੈ।

# ਦ੍ਰਿਸ਼ ਪੰਜਵਾਂ

**ਢਾਡੀ**

ਘਿਰੇ ਮੁਸਾਫਿਰ ਦੇਖ ਕੇ ਹਿੰਦੀ ਤੜਫਣ ਲੱਗੇ
ਪਰ ਪੇਸ਼ ਨਾ ਕੋਈ ਚੱਲੀ ਉਨ੍ਹਾਂ ਦੀ ਗੋਰਿਆ ਅੱਗੇ ।
ਅਤੇ ਅਪੀਲਾਂ ਕਰ ਕਰਕੇ ਫੰਡ ਇੱਕਠਾ ਕੀਤਾ
ਪਰ ਕੇਸ ਲੜਨ ਲਈ ਸਿੰਘ ਨੂੰ ਨਾ ਉਤਰਨ ਦਿਤਾ ।
ਜਦ ਇਕ ਮਹੀਨਾ ਲੰਘ ਗਿਆ ਰੋਹ ਚੜਿਆ ਭਾਰਾ
ਰਾਸ਼ਨ ਪਾਣੀ ਮੁਕ ਗਿਆ, ਜਹਾਜ਼ 'ਚ ਸਾਰਾ ।

**ਮੰਚ-ਦ੍ਰਿਸ਼** : ਵੈਨਕੂਵਰ ਦੇ ਬੀਚ ਤੇ ਭਾਈ ਭਾਗ ਸਿੰਘ, ਸੋਹਣ ਲਾਲ ਅਤੇ ਰਹੀਮ ਹਸਨ ਤਿੰਨੇਸਮੁੰਦਰ ਕੰਢੇ ਖੜੇ ਗੰਭੀਰ ਵਿਚਾਰਾਂ ਵਿਚ ਰੁੱਝੇ ਦਿਖਾਈ ਦਿੰਦੇ ਹਨ । ਧਿਆਨ ਉਨ੍ਹਾਂ ਦਾ ਦੂਰ ਕਾਮਾ ਗਾਟਾ ਮਾਰੂ ਜਹਾਜ਼ ਵਲ ਹੈ ਜੋ ਸਾਹਮਣੇ ਦਿਸਦਾ ਹੋਇਆ ਵੀ ਉਹਨਾਂ ਦੀ ਪਹੁੰਚ ਤੋਂ ਦੂਰ ਸੀ ।

**ਭਾਗ ਸਿੰਘ**

ਭਰਾਵੋ, ਸਾਨੂੰ ਫੌਰਨ ਕੋਈ ਸਖਤ ਕਦਮ ਚੁਕਣਾ ਪਵੇਗਾ । ਵਕਤ ਹਥੋਂ ਤਿਲਕਦਾ ਜਾ ਰਿਹਾ । ਮੁਸਾਫਰਾਂ ਦਾ ਬੁਰਾ ਹਾਲ ਏ । ਇਧਰ ਅਸੀਂ ਬੇਵਸ ਤੜਫ ਰਹੇ ਆਂ । ਸੰਗਤਾਂ ਸਾਨੂੰ ਲਾਹਨਤਾਂ ਪਾ ਰਹੀਆਂ ਨੇ ।

**ਹਸਨ**

ਉਨ੍ਹਾਂ ਨੂੰ ਅਸਲੀਅਤ ਤੋਂ ਜਾਣੂ ਕਰੱਵਾਉ ।

**ਭਾਗ**

ਰੋਜ਼ ਦੀਵਾਨ ਵਿਚ ਬੋਲਦਾ ਹਾਂ । ਲੋਕੀ ਸਾਡੇ ਬਹਾਨੇ ਸੁਣ ਸੁਣ ਕੇ ਤੰਗ ਆ ਗਏ ਨੇ ।



**ਸੋਹਨ**

ਸਾਨੂੰ ਕੋਈ ਨਾ ਕੋਈ ਰਾਹ ਤਾਂ ਲਭਣਾ ਹੀ ਪੈਣਾ ਏ ।

**ਭਾਗ**

ਇਹੋ ਸਲਾਹ ਕਰਨ ਲਈ ਤਾਂ ਕੱਠੇ ਹੋਏ ਆਂ । ਚਿਠੀਆਂ ਤਾਰਾਂ ਦਾ ਕੋਈ ਅਸਰ ਨਹੀਂ ਹੋ ਰਿਹਾ । ਉਨ੍ਹਾਂ ਦੇ ਸਿਰ ਜੂੰ ਤਕ ਨਹੀਂ ਸਰਕੀ ।

**ਹਸਨ**

ਹੈਰਾਨੀ ਤਾਂ ਇਸੇ ਗਲ ਦੀ ਏ ਕਿ ਉਟਾਵਾ, ਲੰਡਨ ਤੇ ਨਵੀਂ ਦਿੱਲੀ ਨੂੰ ਭੇਜੀਆਂ ਦਰਜਨਾਂ ਤਾਰਾਂ ਦਾ ਕੋਈ ਜਵਾਬ ਨਹੀਂ ਮਿਲਿਆ ।

**ਭਾਗ**

ਤਿੰਨਾਂ ਥਾਵਾਂ ਤੇ ਸਰਕਾਰ ਤਾਂ ਫਰੰਗੀਆਂ ਦੀ ਏ । ਸਾਨੂੰ ਤਾਂ ਉਹ ਗਲੀਜ਼ ਕੁੱਤੇ ਬਿੱਲੇ ਸਮਝਦੇ ਨੇ, ਪਈ ਆਪੇ ਭੌਂਕ ਕੇ ਹਫ ਜਾਣਗੇ ।

**ਸੋਹਨ**

ਭਾਈ ਸਾਹਿਬ, ਅਸੀਂ ਤਾਂ ਪੂਰੀ ਵਾਹ ਲਾ ਚੁੱਕੇ ਆਂ ਅਖਬਾਰਾਂ ਵਿਚ ਚਿਠੀਆਂ, ਲੇਖ ਤੇ ਐਡੀਟੋਰੀਅਲ ਲਿਖ ਲਿਖ ਕੇ ਥਕ ਗਏ ਆਂ ।

**ਹਸਨ**

ਫੇਰ ਵੀ ਹਥ ਤੇ ਹਥ ਧਰ ਕੇ ਬੈਠਣ ਨਾਲ ਤਾਂ ਗਲ ਕਿਸੇ ਕੰਢੇ ਨਹੀਂ ਲਗਣੀ । ਤੁਸੀਂ ਬੇਦੋਸ਼ੇ ਮੁਸਾਫਰਾਂ ਦੀ ਹਾਲਤ ਦਾ ਅੰਦਾਜ਼ਾ ਲਾਓ ।

**ਭਾਗ**

ਇਕ ਗਲ ਤਾਂ ਸਪਸ਼ਟ ਏ । ਮਹਿਕਮਾ ਮੁਸਾਫਰਾਂ ਨੂੰ ਭੁੱਖੇ ਤਿਹਾਏ ਮਾਰਨ ਤੇ ਤੁਲਿਆ ਹੋਇਆ ਏ ।

**ਸੋਹਨ**

ਤੁਸੀਂ ਹਿੰਦੁਸਤਾਨੀ ਗਦਰ ਪਾਰਟੀ ਨੂੰ ਤਾਜ਼ਾ ਸਥਿਤੀ ਤੋਂ ਜਾਣੂ ਕਰਵਾਇਆ ਏ ਕਿ ਨਹੀਂ ?

**ਭਾਗ**

ਚੰਗੀ ਤਰ੍ਹਾਂ, ਰੋਜ਼ ਦੀ ਰੋਜ਼ ਖਬਰ ਭੇਜਦੇ ਹਾਂ ।

**ਹਸਨ**

ਸੋਹਨ ਲਾਲ ਜੀ, ਤੁਸੀਂ ਸਿਆਣੇ ਜਰਨਿਲਸਟ ਓ, ਦੱਸੋ ਇਸ ਹਾਲਤ ਵਿਚ ਸਾਨੂੰ ਹੋਰ ਕੀ ਕਰਨਾ ਚਾਹੀਦਾ ਏ ?

ਸੋਹਨ

ਮੇਰਾ ਸੁਝਾ ਏ ਵਕੀਲ ਮਿਸਟਰ ਬਰਡ ਨੂੰ ਕਿਸੇ ਨਾ ਕਿਸੇ ਤਰ੍ਹਾਂ ਜਹਾਜ਼ ਵਿਚ ਪਚਾਉ ਤਾਂ ਜੋ ਉਹ ਖੁਦ ਅਪੀਲ ਤੇ ਭਾਈ ਗੁਰਦਿੱਤ ਸਿੰਘ ਦੇ ਦਸਖਤ ਕਰਵਾ ਲਿਆਵੇ ।

ਭਾਗ

ਮੈਂ ਪੂਰੀ ਵਾਹ ਲਾ ਚੁੱਕਾ ਹਾਂ । ਉਹ ਵਕੀਲ ਏ, ਕੋਈ ਵੀ ਗੈਰ-ਕਾਨੂੰਨੀ ਕਾਰਵਾਈ ਕਰਨ ਨੂੰ ਤਿਆਰ ਨਹੀਂ, ਭਾਵੇਂ ਕਿੰਨਾ ਵੀ ਉਹ ਦਿਲੋਂ ਸਾਡਾ ਹਮਦਰਦ ਏ । ਉਹ ਖੁਦ ਵੀ ਭਾਈ ਨੂੰ ਮਿਲਣ ਦੀ ਪੂਰੀ ਵਾਹ ਲਾ ਚੁੱਕਾ ਏ ।

ਹਸਨ

ਇਸ ਦਾ ਮਤਲਬ ਮਹਿਕਮੇ ਨੂੰ ਡਰ ਏ ਕਿ ਰਿਟ ਮੁਸਾਫਰਾਂ ਦੇ ਹੱਕ ਵਿਚ ਹੋ ਜਾਵੇਗੀ ।

ਸੋਹਨ

ਭਾਈ ਸਾਹਿਬ, ਬਹੁਤੀ ਜ਼ੁੰਮੇਵਾਰੀ ਤੁਹਾਡੇ ਸਿਰ ਆਉਂਦੀ ਏ, ਤੁਸੀਂ ਹੀ ਖਾਲਸਾ ਦੀਵਾਨ ਦੇ ਪਰਧਾਨ ਓ ।

ਭਾਗ

ਜੋ ਸਾਡੇ ਵਸ ਦੀ ਗਲ ਸੀ ਉਹ ਰਹੀਮ ਹਸਨ ਤੇ ਮੈਂ ਕਰ ਛੱਡੀ ਏ ।

ਸੋਹਨ

ਉਹ ਕਿਹੜੀ ਗਲ ਏ, ਸਾਨੂੰ ਵੀ ਦਸ ਦਿਉ ।

ਭਾਗ

ਅਸੀਂ ਇਮੀਗ੍ਰੇਸ਼ਨ ਵਾਲਿਆਂ ਦੀ ਇਕ ਚਾਲ ਨਿਕਾਰੀ ਕਰ ਦਿੱਤੀ ਏ, ਕਿਉਂ ਹਸਨ ?

ਹਸਨ

ਉਨ੍ਹਾਂ ਹੁਣ ਤਕ ਜਹਾਜ਼ ਕਾਬੂ ਕਰ ਲੈਣਾ ਸੀ ਜਾਪਾਨੀ ਕੰਪਨੀ ਨਾਲ ਸੁਰ ਮੇਲ ਕੇ ।

ਸੋਹਨ

ਸਮਝ ਗਿਆ, ਦੂਜੀ ਕਿਸਤ ਦੀ ਗਲ ਕਰਦੇ ਓ ।

ਭਾਗ

ਹਾਂ ! ਇਹ ਨਿੱਕੀ ਜਿਹੀ ਗਲ ਏ । ਰਹੀਮ ਤੇ ਮੈਂ 11 ਸੌ ਡਾਲਰ ਤਾਰ ਕੇ ਜਹਾਜ਼ ਦਾ ਪਟਾ ਆਪਣੇ ਨਾਮ ਕਰਵਾ ਲਿਆ ਏ ।

ਸੋਹਨ

ਪਟੇ ਵਾਲੀ ਚਾਲ ਤੋਂ ਤਾਂ ਸਭ ਹਿੰਦੀ ਤੁਹਾਡੀਆਂ ਸਿਫਤਾਂ ਕਰਦੇ ਨੇ । ਪਰ ਹੁਣ ਅਗੋਂ ਵੀ ਤਾਂ ਕੋਈ ਕਦਮ ਪੁੱਟੋ ।



ਭਾਗ

ਦੱਸੋ ਕੀ ਕਰੀਏ ।

ਸੋਹਨ

ਤੁਸੀਂ ਜਹਾਜ਼ ਤੇ ਜਾਣ ਦਾ ਪੂਰਾ ਹਕ ਰਖਦੇ ਓ ।

ਹਸਨ

ਫੇਰ ਵੀ ਜਾਣ ਨਹੀਂ ਦੇਂਦੇ ।

ਸੋਹਣ

ਕਿਉਂ ?

ਭਾਗ

ਧੱਕੇ ਸ਼ਾਹੀ । ਉਹ ਹਰ ਹਾਲਤ ਵਿਚ ਜਹਾਜ਼ ਨੂੰ ਵਾਪਸ ਮੋੜਨ ਤੇ ਤੁਲੇ ਹੋਏ ਨੇ ।

ਸੋਹਨ

ਤੁਸੀਂ ਹੁਣ ਮੁਸਾਫਰਾਂ ਵਲੋਂ ਰਿਟ ਤਾਂ ਦਰਜ ਕਰ ਸਕਦੇ ਓ ।

ਭਾਗ

ਉਹ ਤਾਂ ਅਸੀਂ ਕਰ ਰਹੇ ਹਾਂ ।

ਹਸਨ

ਇਹ ਦੱਸੋ ਫੌਰਨ ਅਸੀਂ ਕੀ ਕਰੀਏ ?

ਸੋਹਨ

ਸ਼ੀਸ਼ਾ ਝੰਡੀ ਰਾਹੀਂ ਤਾਜ਼ਾ ਖਬਰ ਕੀ ਆਈ ਏ ।

ਭਾਗ

ਜਹਾਜ਼ 'ਚ ਰਾਸ਼ਨ ਪਾਣੀ ਅਸਲੋਂ ਮੁਕ ਚੁੱਕਾ ਏ । ਕਈ ਮੁਸਾਫਰ ਬੀਮਾਰ ਮਰਨ ਕਿਨਾਰੇ ਪਏ ਨੇ । ਡਾਕਟਰ ਮਹਿਕਮੇ ਨਾਲ ਰਲ ਚੁੱਕਾ ਏ ।

ਸੋਹਨ

ਇਸ ਦਾ ਸਾਫ ਮਤਲਬ ਏ, ਮਹਿਕਮਾ ਬੇਰਹਿਮੀ ਨਾਲ ਸਾਰੇ ਹਥਿਆਰ ਵਰਤ ਰਿਹਾ ਏ ।

ਰਹੀਮ

ਹੁਣ ਤਾਂ ਸਾਨੂੰ ਜਾਨ ਦੀ ਬਾਜ਼ੀ ਲਾ ਕੇ ਰਾਸ਼ਨ ਪਾਣੀ ਪਹੁੰਚਾਣਾ ਹੀ ਪੈਣਾ ਏ ।

ਸੋਹਨ

ਰਾਸ਼ਨ ਪਾਣੀ ਤਾਂ ਸਭ ਤਿਆਰ ਹੈ ਨਾ ?

ਭਾਗ

ਤੁਸੀਂ ਗੁਰਦਵਾਰੇ ਜਾ ਕੇ ਤਾਂ ਦੇਖੋ। ਹਿੰਦੀ ਭਾਰਾਵਾਂ ਨੇ ਹੱਦ ਕਰ ਦਿੱਤੀ ਏ। ਸੱਠ ਹਜ਼ਾਰ ਡਾਲਰ ਫੰਡ ਕੱਠਾ ਹੋ ਚੁੱਕਾ ਏ, ਰਾਸ਼ਨ ਦੇ ਅੰਬਾਰ ਲੱਗੇ ਹੋਏ ਨੇ।

ਸਹਨ

ਫੇਰ ਛੇਤੀ ਜਾਨਬਾਜ਼ ਲੱਭੋ।

ਭਾਗ

ਕਰ ਰਹੇ ਆਂ ਕੁਝ ਹੀਲਾ। ਪੁਲੀਸ ਨੂੰ ਰਿਸ਼ਵਤ ਦੇ ਕੇ ਅਜ ਰਾਤੀ ਇਕ ਕਿਸ਼ਤੀ ਜਾਏਗੀ।

ਸੋਹਨ

ਵਾਹ ਭਾਈ ਸਾਹਿਬ, ਤੁਸੀਂ ਤਾਂ ਪੂਰੇ ਕਮਰਕਸੇ ਕਰੀ ਬੈਠੇ ਓ।

ਭਾਗ

ਭਰਾ ਰਹੀਮ ਹਸਨ ਦੇ ਪੂਰੇ ਸਹਿਯੋਗ ਨਾਲ।

ਸੋਹਨ

ਸਭ ਹਿੰਦੀਆਂ ਦੀਆਂ ਨਜ਼ਰਾ ਤੁਹਾਡੇ ਤੇ ਨੇ, ਮੈਨੂੰ ਜੋ ਹੁਕਮ ਦਿਉਗੇ ਹਾਜ਼ਰ ਹਾਂ।

ਹਸਨ

ਲਗਦਾ ਜਹਾਜ਼ ਤੇ ਖੜੇ ਮੁਸਾਫਰ ਸਾਡੇ ਵਲ ਹਥ ਹਿਲਾ ਰਹੇ ਨੇ।

ਤਿੰਨੇ ਹੱਥਾਂ ਨਾਲ ਇਸ਼ਾਰੇ ਕਰਦੇ ਹਨ।

ਰਹੀਮ

ਆਓ ਚੱਲੀਏ, ਓਹ ਸਿਪਾਹੀ ਸਾਡੇ ਵਲ ਆ ਰਿਹਾ ਏ।

ਭਾਗ

ਕੋਈ ਡਰ ਨਹੀਂ, ਸੈਂਕੜੇ ਲੋਕੀਂ ਸਾਰਾ ਦਿਨ ਇੱਥੇ ਖੜੇ ਕਾਮਾ ਗਾਟਾ ਮਾਰੂ ਨੂੰ ਰੋਜ਼ ਦੇਖਦੇ ਨੇ।

ਸੋਹਨ

ਪਰ ਸਾਡੇ ਵਾਂਗ ਇਸ਼ਾਰੇ ਤਾਂ ਨਹੀਂ ਕਰਦੇ।

ਭਾਗ

ਸੈਨਤਾਂ ਤਾਂ ਹਮਰਾਜ਼ ਹੀ ਮਾਰ ਸਕਦੇ ਨੇ।

ਤਿੰਨੇ ਮੁਸਕ੍ਰਾਂਦੇ ਹੋਏ ਜਾਂਦੇ ਹਨ।



# ਦ੍ਰਿਸ਼ ਛੇਵਾਂ

ਮੰਚ-ਦ੍ਰਿਸ਼ : ਇਮੀਗ੍ਰੇਸ਼ਨ ਮਹਿਕਮੇ ਦੇ ਦਫਤਰ ਅੱਗੇ, ਹੌਪਕਿਨਸਨ ਦਫਤਰ ਅੰਦਰੋਂ ਨਿਕਲਦਾ ਹੈ ਅਤੇ ਬੇਲਾ ਸਿੰਘ ਬਾਹਰੋਂ ਛੇਤੀ ਛੇਤੀ ਆਉਂਦਾ ਹੈ।

ਹੌਪ

ਬੇਲਾ ਸਿੰਘ, ਕਿਆ ਬਾਤ ਹੈ ? ਖ਼ੁਸ਼ੀ ਨਾਲ ਉਛਲਦਾ ਆ ਰਿਹਾਂ।

ਬੇਲਾ

ਸਰ; ਮੈਨੂੰ ਸ਼ਾਬਾਸ਼ ਦਿਉ।

ਹੌਪ

ਕਿਸ ਬਾਤ ਦੀ ! ਪਹਿਲਾਂ ਪਤਾ ਤਾਂ ਲੱਗੇ।

ਬੇਲਾ

ਮੇਰੇ ਜ਼ੁੰਮੇ ਲੱਗੇ ਦੋਵੇਂ ਕੰਮ ਸਿਰੇ ਚਾੜ੍ਹ ਆਇਆਂ।

ਹੌਪ

ਬੁਝਾਰਤਾਂ ਨਾ ਪਾ, ਛੇਤੀ ਦਸ ਕਿਆ ਕਰ ਆਇਆਂ।

ਬੇਲਾ

ਡਾ : ਰਘੂਨਾਥ ਸਿੰਘ ਨੂੰ ਚੰਗੀ ਤਰ੍ਹਾਂ ਗੰਢ ਲਿਆ ਏ। ਤੁਹਾਡੇ ਨਾਲ ਮੁਲਾਕਾਤ ਦਾ ਵਕਤ ਵੀ ਨੀਅਤ ਕਰ ਆਇਆਂ।

ਹੌਪ

ਬਹੁਤ ਖ਼ੂਬ।

ਬੇਲਾ

ਸਰ, ਡਾਕਟਰ ਹੁਣ ਤੁਹਾਡੀ ਜੇਬ ਵਿਚ ਹੋਂਵੇਗਾ।

ਹੌਪ

ਡਾਕਟਰ ਕਿ ਡਾਕਟਰ ਦਾ ਹਥ ਮੇਰੀ ਜੇਬ ਵਿਚ ਹੋਂਵੇਗਾ।

ਬੇਲਾ

ਸਰ, ਬਹੁਤ ਲਾਲਚੀ ਆਦਮੀ ਹੈ। ਡਾਲਰ ਤਿਆਰ ਰੱਖੋ।

ਹੌਪ

ਕਿਆ ਤੈ ਕੀਤਾ ?

ਬੇਲਾ

ਇਹ ਗਲ ਤੁਹਾਡੇ ਤੇ ਛੱਡੀ ਗਈ ਏ ।

ਹੌਪ

ਦੂਸਰਾ ਕੰਮ ਕਿਹੜਾ ?

ਬੇਲਾ

ਮੁਸਾਫਰਾਂ ਵਿਚ ਫੁਟ ਪਾ ਦਿੱਤਾ ਏ ।
ਵੈਰੀ ਗੁਡ ! ਇਹ ਹੈ ਅਸਲ ਕੰਮ ।

ਬੇਲਾ

ਕਿਉਂ ਸਰ, ਪਹਿਲੇ ਦੀ ਕੋਈ ਅਹਿਮੀਅਤ ਨਹੀਂ ?

ਹੌਪ

ਡਾਕਟਰ ਹੁਣ ਉਲਟਾ ਸਾਥੋਂ ਹਿਫਾਜ਼ਤ ਮੰਗ ਰਿਹਾ ਹੈ ।

ਬੇਲਾ

ਭੁਖ ਦੇ ਦੁਖੋਂ ਮਰ ਰਹੇ ਮੁਸਾਫਰ ਨੇ ਭਾਈ ਦਾ ਨਕ 'ਚ ਦਮ ਕੀਤਾ ਹੋਇਆ ।

ਹੌਪ

ਵੈਰੀ ਗੁਡ !

ਬੇਲਾ

ਹੋ ਸਕਦਾ ਕੋਈ ਮੁਸਾਫਰ ਉਸ ਨੂੰ ਪਾਰ ਬੁਲਾ ਦੇਵੇ ।

ਹੌਪ

ਹੈਂ ! ਗਲ ਇਥੋਂ ਤਕ ਪਹੁੰਚ ਗਈ ?

ਬੇਲਾ

ਸਰ, ਇਕ ਜ਼ਰੂਰੀ ਕੰਮ ਤੁਹਾਡੇ ਜ਼ੁੰਮੇ ਹੈ ।

ਹੌਪ

(ਮੁਸਕਾਦਾਂ ਹੋਇਆ) ਹੁਕਮ ਕਰ ।



ਬੇਲਾ

ਹੁਕਮ ਨਹੀਂ ਸਰ, ਬੰਦਾ ਅਰਜ਼ ਕਰਦਾ । ਇਕ ਹਫਤਾ ਜਹਾਜ਼ ਤਕ ਰਾਸ਼ਨ ਦਾ ਦਾਣਾ ਤਕ ਨਹੀਂ ਪਹੁੰਚਣਾ ਚਾਹੀਦਾ ।

ਹੌਪ

ਅੱਗੇ ਵੀ ਨਹੀਂ ਪਹੁੰਚ ਰਿਹਾ, ਕਰੜਾ ਘੇਰਾ ਪਾਇਆ ਹੋਇਐ । ਸਭ ਮੁਸਾਫਰ ਪੂਰੀ ਤਰ੍ਹਾਂ ਸਾਡੇ ਕੈਦੀ ਹਨ ।

ਬੇਲਾ

ਪਰ ਕਲ ਰਾਤ ਚੋਰੀਂ ਰਾਸ਼ਨ ਪਹੁੰਚਾਇਆ ਗਿਆ ਏ ।

ਹੌਪ

(ਤਲਮਲਾ ਕੇ) ਕਿਸ ਤਰ੍ਹਾਂ ਹੋ ਸਕਦਾ ਹੈ !

ਬੇਲਾ

ਸਰ, ਡਾਲਰਜ਼ ਧਰਮ ਈਮਾਨ ਵਿਗਾੜ ਦਿੰਦੇ ਨੇ ।

ਹੌਪ

ਤੈਨੂੰ ਕਿਥੋਂ ਪਤਾ ਲੱਗਾ ਹੈ ?

ਬੇਲਾ

ਗੁਰਦਵਾਰੇ ਅੰਦਰ ਵਾਪਰਦੀ ਹਰ ਘਟਨਾ ਦੀ ਮੈਨੂੰ ਸੂਹ ਮਿਲਦੀ ਏ । ਸਰ, ਮੇਰੀਆਂ ਜੜਾਂ ਵੀ ਪਾਤਾਲ ਵਿਚ ਨੇ ।

ਹੌਪ

ਬੇਲਾ ਸਿੰਘ, ਜੇ ਜਹਾਜ਼ ਮੋੜਨ ਵਿਚ ਅਸੀਂ ਕਾਮਯਾਬ ਹੋ ਗਏ, ਤੇਰੀ ਬਹੁਤ ਤਰੱਕੀ ਹੋਵੇਗੀ ।

ਬੇਲਾ

ਸਰ, ਮੈਂ ਤਾਂ ਆਪਣੀ ਇੱਜ਼ਤ ਤੇ ਕਿਸਮਤ ਤੁਹਾਡੇ ਹਥ ਸੌਂਪੀਂ ਹੋਈ ਏ । ਤੁਸੀਂ ਹੀ ਮੇਰੇ ਮਾਈ ਬਾਪ ਹੋ । ਦੇਖਣਾ, ਮੇਰਾ ਕੋਈ ਘੋਗਾ ਨਾ ਚਿਤ ਕਰ ਦੇਵੇ । ਪੰਜਾਬੀ ਹਥ ਧੋ ਕੇ ਮੇਰੇ ਪਿੱਛੇ ਪਏ ਹੋਏ ਨੇ ।

ਹੌਪ

ਅਗੋਂ ਵਾਸਤੇ ਇਕ ਸਫੈਦਪੋਸ਼ ਸਿਪਾਹੀ ਤੇਰੀ ਹਿਫਾਜਿਤ ਕਰੇਗਾ । ਬੇਲਾ ਸਿੰਘ, ਤੂੰ ਮੇਰਾ ਵਫਾਦਾਰ ਥੰਮ ਹੈਂ ।

ਬੇਲਾ

ਸਰ, ਉਸ ਵਫਾਦਾਰੀ ਨੂੰ ਹਿੰਦੀ ਲੋਕ ਗਦਾਰੀ ਕਹਿੰਦੇ ਨੇ ।

ਹੌਪ

ਹੱਤ ! ਕੈਸੀ ਫਜ਼ੂਲ ਬਾਤ ਕਰਦਾ ਹੈ ।

ਬੇਲਾ

ਸਰ, ਅਜ ਖੁਸ਼ੀ 'ਚ ਜਲਸਾ ਹੋ ਜਾਏ ।

ਹੌਪ

ਉਹ ਜਹਾਜ਼ ਦਾ ਮੂੰਹ ਹਾਂਗ ਕਾਂਗ ਵਲ ਮੋੜਨ ਪਿੱਛੋਂ ਹੀ ਹੋਵੇਗਾ । (ਸੌ ਡਾਲਰ ਦਾ ਨੋਟ ਫੜਾਂਦਾ ਹੋਇਆ) ਤੂੰ ਅਜ ਘਰ ਜਾ ਕੇ ਔਰਤ ਕੇ ਸਾਥ ਜਸ਼ਨ ਮਨਾ ।

ਦੋਵੇਂ ਹਸਦੇ ਹਨ । ਬੇਲਾ ਸਿੰਘ ਖੁਸ਼ੀ ਖੁਸ਼ੀ ਜਾਂਦਾ ਹੈ ।



# ਦ੍ਰਿਸ਼ ਸਤਵਾਂ

ਮੰਚ-ਦ੍ਰਿਸ਼ : ਜਹਾਜ਼ ਦੇ ਡੈੱਕ ਉੱਪਰ ਦਸ ਪੰਦਰਾਂ ਮੁਸਾਫਰ ਗੁੱਸੇ ਨਾਲ ਭਰੇ ਭੀਤੇ ਖੜੇ ਹਨ । ਉਨ੍ਹਾਂ ਦਾ ਬਾਗੀ ਲੀਡਰ ਇਕ ਬੱਚੇ ਦੀ ਲਾਸ਼ ਚੁੱਕੀ ਦਾਖਲ ਹੁੰਦਾ ਹੈ । ਸਾਰੇ ਗ਼ਮ ਗੁੱਸੇ ਨਾਲ ਭਰ ਜਾਂਦੇ ਹਨ ।

ਇਕ ਮੁਸਾਫਰ

(ਜੋਸ਼ ਨਾਲ ਉਠਕੇ), ਭਾਈ ਗੁਰਦਿੱਤਾ !

ਸਾਰੇ

ਮੁਰਦਾਬਾਦ !

ਬਾਗ਼ੀ ਲੀਡਰ

(ਲਾਸ਼ ਨੂੰ ਵਿਚਕਾਰ ਰਖ ਕੇ) ਦੋਸਤੋ, ਆਹ ਦੇਖੋ; ਇਕ ਨੰਨੇ ਮੁਸਾਫਰ ਸਾਥੀ ਦੀ ਲਾਸ਼ ! ਸਾਡਾ ਸਭ ਦਾ ਇਹੋ ਹਾਲ ਹੋਣਾ ਹੈ ਜੇ ਅਸੀਂ ਫੌਰਨ ਕੋਈ ਕਦਮ ਨਾ ਪੁਟਿਆ । ਸਾਥੀਓ, ਏਸ ਧੋਖੇਬਾਜ਼ ਨੇ ਸਾਨੂੰ ਕਿਸੇ ਪਾਸੇ ਜੋਗਾ ਨਹੀਂ ਛਡਿਆ । ਝੂਠੇ ਲਾਰੇ ਲਾ ਕੇ ਸਾਥੋਂ ਸਾਰੇ ਡਾਲਰਜ਼ ਠੱਗ ਚੁੱਕਾ ਏ । ਅਸੀਂ ਪਿੱਛਲੇ ਤਿੰਨ ਚਾਰ ਮਹੀਨਿਆਂ ਤੋਂ ਸਖਤ ਖੱਜਲ ਖੁਆਰ ਹੋ ਰਹੇ ਹਾਂ । ਜਹਾਜ਼ ਵਿਚ ਰਾਸ਼ਨ ਪਾਣੀ ਅਸਲੋਂ ਖਤਮ ਹੋ ਚੁੱਕਾ ਹੈ ਇਮੀਗ੍ਰੇਸ਼ਨ ਵਾਲੇ ਜਹਾਜ਼ ਡੋਬਣ ਦੀਆਂ ਧਮਕੀਆਂ ਦੇ ਰਹੇ ਨੇ । (ਲਾਸ਼ ਵਲ ਇਸ਼ਾਰਾ ਕਰਕੇ) ਸਾਡੀ ਸਭ ਦੀ ਇਸੇ ਤਰ੍ਹਾਂ ਮੌਤ ਯਕੀਨੀ ਏ । ਸਾਥੀਓ, ਸਾਡੀ ਏਸ ਦੁਰਦਸ਼ਾ ਦਾ ਕੌਣ ਜ਼ੁੰਮੇਵਾਰ ਹੈ ?

ਸਾਰੇ (ਉੱਚੀ)

ਗੁਰਦਿੱਤਾ

ਬਾਗ਼ੀ ਲੀਡਰ

ਭਾਈ ਗੁਰਦਿੱਤਾ

ਸਾਰੇ

ਮੁਰਦਾਬਾਦ !

ਇਕ ਮੁਸਾਫਰ

(ਵਿਚੋਂ ਉਠਕੇ) ਆਓ, ਉਸ ਨੂੰ ਧੌਣੋ ਫੜ ਕੇ ਇੱਥੇ ਲਿਆਈਏ।

ਲੀਡਰ

ਠਹਿਰੋ, ਕਾਤਲ ਨੂੰ ਹੁਕਮ ਦਿਉ, ਪੰਚਾਂ ਸਾਹਮਣੇ ਖੁਦ ਪੇਸ਼ ਹੋਵੇ।

ਇਕ ਆਵਾਜ਼

ਮੁਸ਼ਕਾਂ ਬੰਨ ਕੇ ਸਮੁੰਦਰ ਵਿਚ ਸੁੱਟੋ।

ਦੂਜੀ ਆਵਾਜ਼

ਬੜਾ ਤਾਰੂ ਏ ਬਚ ਨਿਕਲੇਗਾ।

ਤੀਜੀ ਆਵਾਜ਼

ਫੇਰ ਗਰਦਨ ਲਾਹ ਕੇ ਪਾਣੀ 'ਚ ਸੁੱਟੋ।

ਕਈ ਆਵਾਜ਼ਾਂ

ਠੀਕ ਹੈ। ਠੀਕ ਹੈ!

ਲੀਡਰ

ਕੀ ਕਾਤਲ ਲਈ ਇਹ ਸਜ਼ਾ ਮਨਜ਼ੂਰ ਹੈ?

ਸਾਰੇ

ਮਨਜ਼ੂਰ ਹੈ।

ਲੀਡਰ

ਜੇ ਉਹ ਕਹੇਗਾ ਭੋਲੀ-ਚੁਕ ਜਹਾਜ਼ ਕਮੇਟੀ ਫੈਸਲਾ ਕਰੇਗੀ।

ਸਾਰੇ

ਅਸੀਂ ਹਰਗਿਜ਼ ਨਹੀਂ ਮੰਨਾਂਗੇ।

ਇਕ ਮੁਸਾਫਰ

ਓਹ ਦੇਖੋ, ਕਿੱਦਾਂ ਮਸਕੀਨ ਬਿੱਲੀ ਵਾਂਗ ਨੀਵੀਂ ਪਾਈ ਆ ਰਿਹਾ।

ਲੀਡਰ

(ਤਲਵਾਰ ਵਾਲੇ ਨੂੰ ਇਸ਼ਾਰੇ ਨਾਲ) ਜ਼ਰਾ ਰੁਕ ਜਾ।

ਸਾਰੇ ਸਾਹ ਰੋਕੀ ਉਸ ਵਲ ਦੇਖਦੇ ਹਨ।

ਲੀਡਰ

ਭਾਈ ਜੀ, ਆਹ ਲਾਸ਼ ਦੇਖ ਰਹੇ ਓ?



ਗੁਰਦਿਤ

ਜੀ ਹਾਂ। ਮੈਂ ਹੀ ਇਸ ਦੀ ਮੌਤ ਦਾ ਜ਼ੁੰਮੇਵਾਰ ਹਾਂ।

ਲੀਡਰ

ਆਪੇ ਬੋਲ, ਤੈਨੂੰ ਕੀ ਸਜ਼ਾ ਮਿਲਣੀ ਚਾਹੀਦੀ ਹੈ?

ਗੁਰਦਿਤ

ਮੈਂ ਮੌਤ ਦੀ ਸਜ਼ਾ ਦਾ ਹਕਦਾਰ ਹਾਂ।

ਲੀਡਰ

ਫੇਰ ਗਰਦਨ ਨੀਵੀਂ ਕਰਕੇ ਮਰਨ ਲਈ ਤਿਆਰ ਹੋ ਜਾ।

ਗੁਰਦਿਤ

ਬਿਲਕੁਲ ਤਿਆਰ ਹਾਂ। ਕੀ ਮੈਨੂੰ ਇਕ ਮਿੰਟ ਦੇ ਸਕਦੇ ਹੋ?

ਬਹੁਤ ਆਵਾਜ਼ਾਂ

ਬਿਲਕੁਲ ਨਹੀਂ।

ਗੁਰਦਿਤ

ਫਾਹੇ ਲਗਣ ਵਾਲੇ ਕਾਤਲ ਨੂੰ ਵੀ ਆਖਰੀ ਖਾਹਸ਼ ਪੁੱਛੀ ਜਾਂਦੀ ਹੈ।

ਲੀਡਰ

ਠੀਕ ਹੈ! ਤੈਨੂੰ ਸਫਾਈ ਪੇਸ਼ ਕਰਨ ਦਾ ਮੌਕਾ ਦਿੱਤਾ ਜਾਂਦਾ ਏ।

ਗੁਰਦਿਤ

ਸ਼ੁਕਰੀਆ! (ਹਥ ਜੋੜ ਕੇ) ਭਰਾਵੋ, ਤੁਸੀਂ ਸੋਲਾਂ ਆਨੇ ਸੱਚੇ ਓ। ਤੁਹਾਡੀਆਂ ਕੁਲ ਮੁਸੀਬਤਾਂ ਦਾ ਜ਼ੁੰਮੇਵਾਰ ਮੈਂ ਹਾਂ। ਮੈਂ ਆਪਣਾ ਜੁਰਮ ਇਕਬਾਲ ਕਰਦਾ ਹਾਂ। ਮੇਰੀ ਨੀਤ ਤੇ ਈਮਾਨਦਾਰੀ ਤੇ ਤੁਹਾਡਾ ਸ਼ਕ ਬਜਾ ਹੈ। ਪਰ ਮੈਂ ਗੁਰੂ ਗ੍ਰੰਥ ਸਾਹਿਬ ਨੂੰ ਹਾਜ਼ਰ ਨਾਜ਼ਰ ਸਮਝ ਕੇ ਸੱਚੋ ਸੱਚ ਦਸਦਾ ਹਾਂ। ਹਾਂਗ ਕਾਂਗ ਵਿਚ ਭਰਾਵਾਂ ਨੂੰ ਰੁਲਦੇ ਖੁਲ੍ਹਦੇ ਦੇਖਕੇ ਮੇਰਾ ਦਿਲ ਪੰਘਰ ਗਿਆ ਸੀ। ਮਲਾਇਆ, ਸਿੰਘਾਪੁਰ ਵਿਚ ਸਾਰਾ ਕਾਰੋਬਾਰ ਠਪ ਕਰਕੇ ਦੁਖੀ ਭਰਾਵਾਂ ਨੂੰ ਕੈਨੇਡਾ ਪੁਚਾਣ ਦੀ ਗਲਤ ਸਹੁੰ ਖਾ ਬੈਠਾ ਸਾਂ।

ਭਰਾਵੋ, ਸ਼ਾਇਦ ਤੁਹਾਨੂੰ ਪਤਾ ਨਹੀਂ ਹੋਵੇ, ਮੈਂ ਬੇਹਦ ਖੱਜਲ ਖੁਆਰੀ ਤੇ ਬੇਇਜ਼ਤੀ ਪਿਛੋਂ ਰਾਹਦਾਰੀ ਲੈਣ ਵਿਚ ਕਾਮਯਾਬ ਹੋਇਆ ਸੀ। ਤੁਹਾਡੇ ਸਾਹਮਣੇ ਜਾਪਾਨ ਤੋਂ ਕੋਇਲਾ ਲਦਿਆ ਸੀ ਤਾਂ ਜੋ ਵੇਚ ਵਟ ਕੇ ਕਲਕੱਤੇ ਤੋਂ ਦੁਖੀ ਭਰਾਵਾਂ ਦਾ ਇਕ ਹੋਰ ਪੂਰ ਲਿਆਉਣ ਜੋਗਾ ਹੋ ਸਕਾਂ।

ਭਰਾਵੋ, ਸਚ ਜਾਣੋਂ, ਮੈਨੂੰ ਨਹੀਂ ਸੀ ਪਤਾ, ਇਹ ਬੇਈਮਾਨ ਪੈਰ ਪੈਰ ਤੇ ਸਾਡੇ

ਰਾਹ ਵਿਚ ਰੋੜੇ ਅਟਕਾਣਗੇ । ਐਨਾ ਭੈੜਾ ਸਲੂਕ ਕੋਈ ਜਾਨੀ ਦੁਸ਼ਮਣ ਨਾਲ ਵੀ ਨਹੀਂ ਕਰ ਸਕਦਾ ਜਿੰਨਾ ਇਨ੍ਹਾਂ ਸਾਡੇ ਨਾਲ ਕੀਤਾ । ਮੈਂ ਕਦੇ ਸੋਚ ਵੀ ਨਹੀਂ ਸੀ ਸਕਦਾ ਕਿ ਈਸਾ ਮਸੀਹ ਦੇ ਪੈਰੋਕਾਰ ਐਨੇ ਨਿਰਦਈ ਤੇ ਬੇਰਹਿਮ ਹੋ ਸਕਦੇ ਨੇ । ਦੇਸ ਵਾਸੀਓ, ਦੁਸ਼ਮਣ ਦੀਆਂ ਚਾਲਾਂ ਵਿਚ ਨਾ ਫਸੋ, ਉਨ੍ਹਾਂ ਦੀ ਡੂੰਘੀ ਸਾਜਿਸ਼ ਨੂੰ ਪਛਾਣੋ । ਵੈਰੀ ਸਾਨੂੰ ਡਰਾਉਣ ਧਮਕਾਉਣ ਵਿਚ ਸਫਲ ਨਹੀਂ ਹੋ ਸਕਿਆ ਹੁਣ ਉਹ ਸਾਡੇ ਵਿਚ ਆਪਸੀ ਫੁਟ ਪਾ ਕੇ ਆਪਣਾ ਉੱਲੂ ਸਿੱਧਾ ਕਰਨਾ ਚਾਹੁੰਦਾ ਹੈ ।

ਸਾਥੀਓ, ਸਚ ਜਾਣੋ, ਸਾਡੀਆਂ ਸਭ ਮੁਸੀਬਤਾਂ ਦੀ ਜੜ ਸਾਡੀ ਗੁਲਾਮੀ ਹੈ । ਗੁਲਾਮ ਦੀ ਕੋਈ ਇਜ਼ਤ, ਕੋਈ ਘਰ ਘਾਟ ਨਹੀਂ ਹੁੰਦਾ । ਉਸ ਨੂੰ ਹਰ ਥਾਂ ਧੱਕੇ ਪੈਂਦੇ ਨੇ । ਚੀਨੀ ਤੇ ਜਾਪਾਨੀਆਂ ਨਾਲ ਇਹ ਸਲੂਕ ਨਹੀਂ ਹੁੰਦਾ, ਕਿਉਂਕਿ ਉਹ ਆਜ਼ਾਦ ਮੁਲਕ ਦੇ ਬਾਸ਼ਿੰਦੇ ਹਨ ।

ਮੁਸੀਬਤ ਵਿਚ ਘਿਰੇ ਸਾਥੀਓ, ਇਸ ਅਤੀ ਨਾਜ਼ਕ ਮੌਕੇ ਤੇ ਸਗੋਂ ਸਾਨੂੰ ਇਕ ਜਾਨ ਹੋਣਾ ਚਾਹੀਦਾ ਹੈ ਵਰਨਾ ਸਾਡੇ ਬਚਾਓ ਦਾ ਕੋਈ ਰਸਤਾ ਨਹੀਂ ਰਵੇਗਾ । ਅਸੀਂ ਸਭ ਜ਼ਲੀਲ ਹੋ ਕੇ ਬੁਜ਼ਦਿਲਾਂ ਦੀ ਮੌਤ ਮਰਾਂਗੇ ।

ਦੋਸਤੋ, ਅਜ ਦੁਨੀਆਂ ਭਰ ਦੀਆਂ ਨਜ਼ਰਾਂ ਸਾਡੇ ਵਲ ਲੱਗੀਆਂ ਹੋਈਆਂ ਨੇ । ਇਹ ਗੁਰੂ ਨਾਨਕ ਨਾਮੀ ਜਹਾਜ਼ ਦੇਸ਼ ਦੀ ਅਣਖ ਦਾ ਪ੍ਰਤੀਕ ਬਣ ਚੁੱਕਾ ਏ । ਸਾਡੀ ਲੜਾਈ ਹੁਣ ਵੈਨਕੂਵਰ ਦੇ ਤਟ ਤੇ ਉਤਰਨ ਦੀ ਨਹੀਂ ਰਹੀ ਸਗੋਂ ਅਸੀਂ ਗੁਲਾਮੀ ਦੇ ਸੰਗਲ ਕੱਟਣ ਦਾ ਮੁਢ ਬੰਨ ਰਹੇ ਹਾਂ । ਮਹਾਨ ਕੁਰਬਾਨੀਆਂ ਪਿਛੋਂ ਹੀ ਇਨਕਲਾਬ ਆਉਂਦਾ ਹੈ । ਜੇ ਮਰਨਾ ਹੀ ਹੈ ਤਾਂ ਕਿਉਂ ਨਾ ਦੇਸ ਦੀ ਆਨ ਸ਼ਾਨ ਖਾਤਰ ਸ਼ੇਰਾਂ ਦੀ ਮੌਤ ਮਰੀਏ :—

(ਗਾ ਕੇ) ਜਉ ਤਉ ਪ੍ਰੇਮ ਖੇਲਣ ਕਾ ਚਾਉ
ਸਿਰ ਧਰਿ ਤਲੀ ਗਲੀ ਮੇਰੀ ਆਉ
ਇਤੁ ਮਾਰਗਿ ਪੈਰੁ ਧਰੀਜੈ
ਸਿਰੁ ਦੀਜੈ ਕਾਣਿ ਨਾ ਕੀਜੈ ।

**ਫੌਜੀ**

ਬਾਬਾ ਗੁਰਦਿਤ ਸਿੰਘ !

**ਬਹੁਤ ਸਾਰੇ**

ਜ਼ਿੰਦਾਬਾਦ !

**ਫੌਜੀ**

ਸਾਨੂੰ ਹੁਣੇ ਪਤਾ ਲੱਗਾ ਹੈ, ਕੁਝ ਮੁਸਾਫ਼ਰਾਂ ਨੇ ਭਾਈ ਸਾਹਿਬ ਦੀ ਸ਼ਾਨ ਦੇ ਖਿਲਾਫ਼ ਆਵਾਜ਼ੇ ਕੱਸੇ ਹੈਨ ।



**ਕਰਮਾ**

ਉਹ ਸੂਰਮਾ ਹੁਣ ਸਾਹਮਣੇ ਨਿਤਰੇ ।

**ਗੁਰਦਿਤ**

ਸਰਦਾਰ ਦੁੱਲਾ ਸਿੰਘ, ਸ਼ਾਤੀ ਨਾਲ ਬੈਠੋ । ਕਰਮ ਸਿੰਘ, ਤੂੰ ਵੀਂ ਬੈਠ ਜਾਹ । ਸਜਨੋ, ਕਿਸੇ ਨੇ ਕੋਈ ਸ਼ਬਦ ਮੇਰੀ ਸ਼ਾਨ ਵਿਰੁਧ ਨਹੀਂ ਬੋਲਿਆ । ਅਸੀਂ ਸਭ ਇਨਸਾਨ ਹਾਂ । ਖੜਕਾ ਧੜਕਾ ਕੁਦਰਤੀ ਹੈ ।

ਸੁਣੋ, ਮੈਂ ਤੁਹਾਨੂੰ ਇਕ ਬਹੁਤ ਜ਼ਰੂਰੀ ਖਬਰ ਦੇਣ ਆ ਰਿਹਾ ਸੀ ।

**ਫੌਜੀ**

ਛੇਤੀ ਦੱਸੋ ਕੀ ਖਬਰ ਹੈ ?

**ਗੁਰਦਿਤ**

ਹੁਣੇ ਹੀ ਹਿੰਦੀ ਭਰਾਵਾਂ ਵਲੋਂ ਸ਼ੀਸ਼ਾ-ਝੰਡੀ ਰਾਹੀਂ ਇਕ ਖ਼ਤਰਨਾਕ ਖ਼ਬਰ ਮਿਲੀ ਹੈ ।

**ਕਰਮਾ**

ਦੱਸੋ ਉਹ ਖ਼ਬਰ ਕੀ ਏ ?

**ਗੁਰਦਿਤ**

ਅਜ ਰਾਤ ਨੂੰ ਸਾਡੇ ਜਹਾਜ਼ ਉੱਤੇ ਹੱਲਾ ਬੋਲਿਆ ਜਾਵੇਗਾ । ਜਹਾਜ਼ ਨੂੰ ਜ਼ਬਰ-ਦਸਤੀ ਵੈਨਕੂਵਰ ਦੇ ਘਾਟ ਤੋਂ ਦੂਰ ਧਕ ਦਿੱਤਾ ਜਾਵੇਗਾ ।

**ਫੌਜੀ**

ਭਰਾਵੋ, ਆਓ ਨਮੋਸ਼ੀ ਦੀ ਮੌਤ ਮਰਨ ਨਾਲੋਂ ਸੂਰਿਆਂ ਵਾਂਗ ਲੜਕੇ ਸ਼ਹੀਦ ਹੋਈਏ ।

**ਕਰਮਾ**

ਬਾਬਾ ਜੀ, ਹੁਕਮ ਦਿਉ ਕੀ ਚਾਹੁੰਦੇ ਓ ?

**ਗੁਰਦਿਤ**

ਹੁਕਮ ਨਹੀਂ ਗੁਰਮਤਾ ਹੈ ਕਿ ਮਰ ਮਿਟਣ ਲਈ ਕਮਰਕਸੇ ਕਰ ਲਓ । ਝਟਪਟ ਕੋਇਲਾ ਪੱਥਰ ਡੈੱਕ ਉਪਰ ਜਮਾਂ ਕਰੋ ।

**ਫੌਜੀ**

ਸਾਡੇ ਪਾਸ ਦਾਰੂ ਸਿੱਕਾ ਵੀ ਹੈ । ਫੂਕ ਦਿਆਂਗੇ ਜਿਹੜਾ ਲਾਗੇ ਫਟਕੇਗਾ ।

**ਗੁਰਦਿਤ**

ਬਿਲਕੁਲ ਨਹੀਂ, ਇਹ ਕੰਮ ਹਰਗਿਜ਼ ਨਹੀਂ ਕਰਨਾ । ਗੋਲੀ ਚਲਾਣ ਨਾਲ ਦੁਸ਼ਮਣ ਨੂੰ ਜਹਾਜ਼ ਉੜਾ ਦੇਣ ਦਾ ਹੱਕੀ ਬਹਾਨਾ ਮਿਲ ਜਾਵੇਗਾ । ਜਾਓ, ਸਾਰੇ ਕੰਮ 'ਚ ਜੁਟ ਜਾਉ । ਸ਼ਾਬਾਸ਼, ਬਹਾਦਰਾਂ ਦੇ ।

ਸਾਰੇ ਜੋਸ਼ ਨਾਲ ਨਾਹਰੇ ਮਾਰਦੇ ਹੇਠ ਵਲ ਜਾਂਦੇ ਹਨ ।

# ਦ੍ਰਿਸ਼ ਅੱਠਵਾਂ

**ਢਾਡੀ**

ਇਕ ਰਾਤ ਆਵਾਸੀ ਮਹਿਕਮੇ ਚੋਰੀਂ ਹੱਲਾ ਕੀਤਾ
ਦੇਖ ਵਧੀਕੀ ਉਨ੍ਹਾਂ ਦੀ ਸੂਰੇ ਰੋਹ ਵਿਚ ਭੜਕੇ
'ਜਬੇ ਬਾਣ ਲਾਗੇ ਤਬੇ ਰੋਸ ਜਾਗੇ'
ਕੋਲੇ, ਪੱਥਰ ਮਾਰ ਮਾਰ ਉਨ੍ਹਾਂ ਪਾਸੇ ਭੰਨੇ
ਮੂੰਹ ਦੀ ਖਾ ਕੇ ਗੋਰੇ ਉਥੋਂ ਨੱਸੇ ਬੰਨੇ ।

**ਮੰਚ-ਦ੍ਰਿਸ਼ :** ਡੈੱਕ ਦੇ ਉਤੋਂ ਬੜੇ ਜੋਸ਼ ਤੇ ਹੁਸ਼ਿਆਰੀ ਨਾਲ ਦਰਜਨਾਂ ਜਵਾਨ ਹੇਠ ਵਲ ਕੋਇਲੇ ਪੱਥਰ ਮਾਰ ਰਹੇ ਦਿਖਾਈ ਦਿੰਦੇ ਹਨ । ਬਾਕੀ ਬਚੇ ਬੁਢੇ ਨਾਹਰੇ ਮਾਰ ਰਹੇ ਹਨ :

ਸਤਿ ਸ੍ਰੀ ਅਕਾਲ
ਹਰ ਹਰ ਮਹਾਂਦੇਵ
ਅੱਲਾ ਹੂ ਅਕਬਰ

**ਫੌਜੀ**

ਸ਼ਾਬਾਸ਼ ਜੁਆਨਾਂ ਦੇ ! ਤੁਸੀਂ ਅਜ ਦੇਸ਼ ਦੀ ਰਖ ਵਖਾਈ ਏ ।

**ਬਾਰੂ**

ਬਾਬੇ ਦੇ ਕੈਣ ਤੇ ਆਪਾਂ ਤਾਂ ਬਾਈ ਸਿਰ ਤੇ ਖੱਫਣ ਬੰਨ ਲਿਆ ਤੀ ।

---

**ਨੋਟ :** ਇਸ ਮੌਕੇ ਤੇ ਕੋਈ ਗਵਈਆ ਮੁਸਾਫਰ ਉੱਚੀ ਸੁਰ ਵਿਚ ਸ਼ਾਹ ਮਹੁੰਮਦ ਦੇ ਕਿੱਸੇ ਵਿਚ ਕੁਝ ਢੁਕਵੀਆਂ ਤੁਕਾਂ ਗਾ ਸਕਦਾ ਹੈ, ਜਿਵੇਂ :

ਜੰਗ ਹਿੰਦ ਪੰਜਾਬ ਦਾ ਹੋਣ ਲੱਗਾ
— — — — — — —



**ਕਰਮਾ**

ਸ਼ੁਕਰ ਕਰੋ ਬਾਬੇ ਨੂੰ ਵੇਲੇ ਸਿਰ ਪਤਾ ਲਗ ਗਿਆ, ਨਹੀਂ ਤਾਂ ਦੁਸ਼ਮਣ ਅਛੋਪਲੇ ਸਟ ਮਾਰ ਚਲਿਆ ਸੀ ।

**ਬਾਰੂ**

ਅਜੇ ਸਾਲੇ ਬਾਬੇ ਨਾਲ ਧਰੋਹ ਕਰਦੇ ਫਿਰਦੇ ਆ ।

**ਫੌਜੀ**

ਮੂਰਖਾਂ ਨੂੰ ਪਤਾ ਨਹੀਂ ਆਪਸੀ ਫੁਟ ਨੇ ਪੰਜਾਬ ਦਾ ਰਾਜ ਗਵਾਇਆ ਸੀ । ਸਗੋਂ ਸਾਨੂੰ ਮਸਾਂ ਫਰੰਗੀਆਂ ਤੋਂ ਮੁਦਕੀ ਦਾ ਬਦਲਾ ਲੈਣ ਦਾ ਮੌਕਾ ਜੁੜਿਐ ।

**ਬਾਰੂ**

ਧਿਆਨੂ (ਮੁਸਾਫਰ ਲੀਡਰ) ਨੂੰ ਮੈਂ ਪਰੁੰਨਣ ਲੱਗਾ ਤਾ । ਬਾਬੇ ਨੇ ਝਟ ਪਟ ਮਾਮਲਾ ਠੰਡਾ ਪਾ ਦਿੱਤਾ ।

**ਫੌਜੀ**

(ਹੇਠ ਦੇਖਦਾ ਹੋਇਆ) ਭਾਈ ਸਾਹਿਬ, ਜਲਦੀ ਐਧਰ ਆਓ ।

**ਗੁਰਦਿਤ**

ਸੁਖ ਤਾਂ ਹੈ ?

**ਫੌਜੀ**

ਤੁਹਾਨੂੰ ਤਮਾਸ਼ਾ ਦਿਖਾਈਏ ।

**ਗੁਰਦਿਤ**

(ਹੇਠ ਵਲ ਦੇਖ) ਕੀ ਕਰ ਰਹੇ ਓ ?

**ਫੌਜੀ**

ਦੁਸਟਾਂ ਦਾ ਅਗਨ ਬੋਟ ਉਲਟਾਣ ।

**ਕਰਮਾ**

ਭਰਾਵੋ, ਇਕ ਝੂਟ ਹੋਰ ਲਾ ਦਿਉ, ਤਾਂ ਜੋ ਬੇੜੀ ਬੰਨੇ ਲਗ ਜਾਏ ।

**ਬਾਰੂ**

ਸਾਲੇ ਮੇਰੇ, ਆਏ ਆ ਜਹਾਜ਼ ਡੋਬਣ । ਹੁਣੇ ਉੱਘੂ ਦਾ ਚਕ ਚੇਤੇ ਆ ਜਾਊ ।

**ਕਰਮਾ**

ਜਟ ਦੇ ਖੁੰਡ ਨਾਲ ਖਹਿ ਕੇ ਗਿੱਟੇ ਈ ਭਨਾਣੇ ਸਨ ।

**ਗੁਰਦਿਤ**

ਜਵਾਨੋ, ਰੁਕ ਜਾਓ ।

**ਫੌਜੀ**

ਭਾਈ ਸਾਹਿਬ, ਥੋਹੜਾ ਧੀਰਜ ਕਰੋ । ਫੇਰ ਦੇਖਣਾ ਕਿਆ ਬਣਦਾ ਹੈ ।

**ਕਰਮਾ**

ਹੁਣੇ ਸਾਰੇ ਡੁਬਕੂੰ ਡੁਬਕੂੰ ਕਰਨ ਲਗ ਜਾਣਗੇ ।

**ਬਾਰੂ**

ਜੇਹੜਾ ਸਾਲਾ ਬਾਹਰ ਸਿਰੀ ਕੱਢੂ ਓਹਦਾ ਢੂੰਡਰ ਮੈਂ ਕੁੱਟੂੰ ।

**ਗੁਰਦਿਤ**

ਸੁਣੋ, ਕੋਈ ਹੇਠ ਉਤਰ ਕੇ ਫੌਰਨ ਰੱਸਾ ਕਟ ਦੇਵੇ ।

**ਫੌਜੀ**

ਭਾਈ ਸਾਹਿਬ, ਇਹ ਕਿਆ ਹੁਕਮ ਦੇ ਰਹੇ ਓ । ਮੈਦਾਨ ਜੰਗ ਵਿਚ ਦੁਸ਼ਮਣ ਨਾਲ ਭਲਾਈ । ਬੇਰਹਿਮ ਵੈਰੀ ਤੇ ਬੇਵਕਤ ਤਰਸ ! ਜੇ ਉਨ੍ਹਾਂ ਦਾ ਦਾਅ ਫਬ ਜਾਂਦਾ, ਅਸੀਂ ਹੁਣ ਤਕ ਜਹੰਨਮ ਪੁੱਜੇ ਹੋਣਾ ਸੀ ।

**ਗੁਰਦਿਤ**

ਭਰਾਵੋ, ਗੁਰਾਂ ਦੀ ਸਾਨੂੰ ਇਹੋ ਸਿਖਿਆ ਏ । ਬੁਰੇ ਨਾਲ ਚੰਗਿਆਈ ਕਰਕੇ ਸਗੋਂ ਉਸ ਨੂੰ ਗਲਤੀ ਜਤਲਾਉ । ਜਦੋਂ ਅਤ ਹੋ ਜਾਏ ਤਾਂ ਹੀ ਤਲਵਾਰ ਚੁਕਣੀ ਜਾਇਜ਼ ਹੈ । ਸਾਡੀ ਏਸ ਨੇਕੀ ਨਾਲ ਕਨੇਡਾ ਦੇ ਲੋਕਾਂ ਦੀਆਂ ਅੱਖਾਂ ਖੁਲ੍ਹ ਜਾਣਗੀਆਂ ।

**ਫੌਜੀ**

ਭਾਈ ਸਾਹਿਬ, ਰੱਸੇ ਜਹਾਜ਼ ਨਾਲ ਉਨ੍ਹਾਂ ਬੰਨੇ ਐ ਅਸੀਂ ਨਹੀਂ, ਸ਼ਾਇਦ ਤੁਹਾਨੂੰ ਗ੍ਰਿਫ਼ਤਾਰ ਕਰਨ ਲਈ ਜਾਂ ਜਹਾਜ਼ ਪਿੱਛੇ ਜ਼ੋਰੀ ਪਿਛਾਂਹ ਮੋੜਨ ਲਈ ।

**ਗੁਰਦਿਤ**

ਇਹ ਭਲਾਈ ਕਰਕੇ ਅਸੀਂ ਦੁਨੀਆਂ ਭਰ ਦੇ ਲੋਕਾਂ ਦੀ ਹਮਦਰਦੀ ਜਿਤ ਸਕਾਂਗੇ । ਸੋ ਮੇਰਾ ਆਖਾ ਮੰਨੋ, ਫੌਰਨ ਰੱਸਾ ਕਟ ਦਿਉ ।

**ਇਕ ਆਵਾਜ਼**

(ਉੱਚੀ) ਹਰਗਿਜ਼ ਰੱਸਾ ਨਹੀਂ ਕੱਟਾਂਗੇ ।

**ਫੌਜੀ**

ਰੱਸਾ ਕਟਿਆ ਜਾਵੇਗਾ । ਭਾਈ ਸਾਹਿਬ ਸਾਡੇ ਜਰਨੈਲ ਨੇ । ਜੰਗ 'ਚ ਜਰਨੈਲ ਦਾ ਹੁਕਮ ਅਟਲ ਹੁੰਦਾ ਹੈ ।



**ਵਿਚੋਂ ਆਵਾਜ਼**

ਤੁਸੀਂ ਕੌਣ ਹੋ ?

**ਫੌਜੀ**

ਮੈਂ ਉਨ੍ਹਾਂ ਦਾ ਨਾਇਬ ਫੌਜਦਾਰ ।

**ਕਰਮਾ**

ਭਾਈ ਸਾਹਿਬ ਦੇ ਹੁਕਮ ਤੇ ਹੁਣੇ ਅਮਲ ਹੋਵੇਗਾ ।

**ਫੌਜੀ**

ਮੁਨਸ਼ਾ ਸਿੰਘ, ਤੂੰ ਉੱਤਰ, ਫੌਰਨ ਰੱਸਾ ਕਟ ਦੇਹ । ਡਰੀਂ ਨਾ ਅਸੀਂ ਤਾੜ ਰਹੇ ਆਂ ।

**ਬਾਰੂ**

ਉਨ੍ਹਾਂ ਨੂੰ ਤਾਂ ਆਪੋ ਧਾਪ ਪਈ ਹੋਈ ਆ ।

**ਕਰਮਾ**

ਆਫਰੀਨ ਭਾਈ ਸਾਹਿਬ ਤੁਹਾਡੇ, ਤੁਸੀਂ ਮਹਾਨ ਨੇਤਾ ਓ ।

**ਫੌਜੀ**

ਤੁਸੀਂ ਸਾਡੇ ਵਿਚ ਨਵੀਂ ਰੂਹ ਫੂਕ ਦਿੱਤੀ ਹੈ । ਹੁਣ ਸਾਡਾ ਕੋਈ ਕੁਛ ਨਹੀਂ ਵਿਗਾੜ ਸਕਦਾ । ਏਕਤਾ ਅਮੁਕ ਸ਼ਕਤੀ ਹੈ ।

**ਬਾਗੀ ਲੀਡਰ**

(ਪੈਰਾਂ ਤੇ ਡਿਗ ਕੇ) ਭਾਈ ਸਾਹਿਬ, ਮੈਨੂੰ ਮੁਆਫ ਕਰ ਦਿਉ, ਸਖਤ ਸ਼ਰਮਿੰਦਾ ਹਾਂ । ਤੁਸੀਂ ਅਦੁਤੀ ਇਨਸਾਨ ਹੋ । ਅਸੀਂ ਦੁਸ਼ਮਣ ਦੀ ਕੁਟਲ ਨੀਤੀ ਦਾ ਸ਼ਿਕਾਰ ਹੋ ਚੱਲੇ ਸਾਂ ।

**ਗੁਰਦਿਤ**

(ਉਸ ਨੂੰ ਉਠਾਲ ਕੇ ਪਿਆਰ ਕਰਦਾ ਹੋਇਆ)

ਸ਼ੁਕਰ ਹੈ ਸਾਨੂੰ ਸਭ ਨੂੰ ਵਕਤ ਸਿਰ ਹੋਸ਼ ਆ ਗਈ । ਜਵਾਨੋ, ਪੰਜਾਬੀ ਦੁਨੀਆਂ ਵਿਚ ਨਿਵੇਕਲੀ ਕੌਮ ਹੈ । ਜੇ ਇਨ੍ਹਾਂ ਵਿਚ ਫੁਟ ਨਾ ਹੋਵੇ ਤਾਂ ਪਜਾਬ ਵਰਗਾ ਸ਼ਕਤੀ-ਸ਼ਾਲੀ ਖਿੱਤਾ ਦੁਨੀਆਂ 'ਚ ਕਿਧਰੇ ਨਹੀਂ । ਇਨ੍ਹਾਂ ਵਿਚ ਅਥਾਹ ਜੋਸ਼ ਤੇ ਮਰਦਾਨਗੀ ਹੈ । ਇਨ੍ਹਾਂ ਦੇ ਹੌਸਲੇ ਬੁਲੰਦ ਨੇ । ਇਹ ਵੇਦਾਂ ਤੇ ਗੁਰਾਂ ਦੀ ਵਰੋਸਾਈ ਹੋਈ ਧਰਤੀ ਏ । ਇਹ ਸੰਸਾਰ ਦੀ

ਸਭਿਅਤਾ ਦਾ ਪੰਘੂੜਾ ਹੈ। ਪਰ ਸਦ ਅਫਸੋਸ ਮੁਢ ਕਦੀਮ ਤੋਂ ਭਰਾਵਾਂ ਦੀ ਆਪਸੀ ਫੁਟ ਕਾਰਨ ਇਹ ਹਾਰ ਖਾਂਦਾ ਰਿਹਾ ਏ। ਪੰਜਾਬੀਆਂ ਨੂੰ ਪਾੜ ਕੇ ਹੀ ਦੁਸ਼ਮਣ ਜਿੱਤਾਂ ਪ੍ਰਾਪਤ ਕਰਦਾ ਰਿਹਾ। ਰਾਜਾ ਪੋਰਸ ਮਹਾਨ ਸਿਕੰਦਰ ਦੇ ਜ਼ਰੂਰ ਦੰਦ ਖੱਟੇ ਕਰ ਦਿੰਦਾ ਜੇਕਰ ਟੈਕਸਲਾ ਦਾ ਰਾਜਾ ਅੰਬੀ ਦੇਸ ਨਾਲ ਗ਼ਦਾਰੀ ਨਾ ਕਰਦਾ। ਮੁਹੰਮਦ ਗੋਰੀ ਪ੍ਰਿਥਵੀ ਰਾਜ ਚੌਹਾਨ ਤੋਂ ਮੂੰਹ ਦੀ ਖਾ ਕੇ ਮੁੜਦਾ ਜੇਕਰ ਜੈ ਚੰਦ ਮੁਲਕ ਨਾਲ ਧਰੋਹ ਨਾ ਕਮਾਦਾਂ।

**ਫੌਜੀ**

ਭਾਈ ਸਾਹਿਬ, ਮੁਨਸ਼ਾ ਸਿੰਘ ਰੱਸਾ ਕਟ ਆਇਆ ਹੈ।

**ਗੁਰਦਿਤ**

(ਥਾਪੀ ਦਿੰਦਾ ਹੋਇਆ)

ਸ਼ਾਬਾਸ਼ ! ਚਲੋ ਸਭ ਹੇਠਾਂ। ਜਿੱਤ ਦੀ ਖੁਸ਼ੀ ਮਨਾਈਏ !



# ਦ੍ਰਿਸ਼ ਨੌਵਾਂ

**ਢਾਡੀ**

ਤਕ ਫਰੰਗੀ ਚਾਲੇ ਹਿੰਦੀਆਂ ਮਤਾ ਪਕਾਇਆ
ਭੁੱਖੇ ਮਰਦੇ ਵਤਨੀ ਸਾਥੋਂ ਸਹੇ ਨਾ ਜਾਂਦੇ
ਹਾਰ ਦਾ ਬਦਲਾ ਲੈਣ ਲਈ ਵੈਰੀ ਛਿਥੇ ਪੈ ਗਏ
ਬੇੜਾ ਤੋਪਾਂ ਨਾਲ ਉਡਾਣ ਦਾ ਇਹ ਹੁਕਮ ਚੜ੍ਹਾਇਆ
ਵਤਨ ਦੀ ਖਾਤਰ ਹਿੰਦੀਓ ਸਾਰੇ ਜਾਨਾਂ ਵਾਰੋ
ਅਗਨ ਭੇਟ ਕਰ ਸ਼ਹਿਰ ਨੂੰ ਮਰ ਜਾਵੋ ਸਾਰੇ
ਪਾਕ ਪਵਿੱਤਰ ਭੂਮ ਦਾ ਇਉਂ ਕਰਜ਼ ਉਤਾਰੋ
ਆਜ਼ਾਦੀ ਦੀ ਤਾਰੀਖ ਵਿਚ ਤੁਸਾਂ ਚਮਕਾ ਮਾਰੋ।

**ਮੰਚ-ਦ੍ਰਿਸ਼ :** ਡੈੱਕ ਉੱਤੇ ਫੌਜੀ ਤੇ ਹੋਰ ਮੁਸਾਫਰ ਕਿਸੇ ਉਡੀਕ ਵਿਚ ਖੜੇ ਹਨ।

**ਫੌਜੀ**

ਮੀਰ ਮਹੁੰਮਦ, ਕੋਈ ਹੈ ਤਾਜ਼ਾ ਖਬਰ ?

**ਮੀਰ**

ਹੈ ਪਰ ਬਹੁਤ ਬੁਰੀ, ਸਖ਼ਤ ਖਤਰਨਾਕ।

**ਕਰਮਾ**

ਹੈਂ ! ਉਹ ਕੀ ?

**ਫੌਜੀ**

ਹਾਰਿਆ ਹੋਇਆ ਬੰਦਾ ਨਮੋਸ਼ੀ ਲੁਕਾਣ ਲਈ ਕਮੀਣੀ ਹਰਕਤ ਜ਼ਰੂਰ ਕਰਦਾ।

**ਬੀਰੂ**

ਬਾਈ, ਛੇਤੀ ਦਸ ਕਿਆ ਖਬਰ ਆ।

**ਮੀਰ**

ਹਾਕਮਾਂ ਨੇ ਸਾਡੇ ਜਹਾਜ਼ ਨੂੰ ਤੋਪਾਂ ਨਾਲ ਉਡਾਣ ਦਾ ਪੱਕਾ ਫੈਸਲਾ ਕਰ ਲਿਆ।

**ਇਕ ਆਵਾਜ਼**

ਇਮੀਗ੍ਰੇਸ਼ਨ ਵਾਲਿਆਂ ਜ਼ਰੂਰ ਸਰਕਾਰ ਨੂੰ ਭੜਕਾਇਆ ਹੋਵੇਗਾ ।

**ਫੌਜੀ**

ਬਹਾਦਰੋ, ਤਿਆਰ ਹੋ ਜਾਓ, ਆਖਰੀ ਇਮਤਿਹਾਨ ਦੀ ਘੜੀ ਆਣ ਪੁੱਜੀ ਹੈ ।

**ਬਾਰੂ**

ਤਿਆਰ ਨੂੰ ਕਿਆ, ਅਸੀਂ ਕਿਤੇ ਵੰਗਾਂ ਪਾਈ ਬੈਠੇ ਆਂ ।

**ਮੀਰ**

ਭਰਾਵੋ, ਤੁਸੀਂ ਬੇ ਹਥਿਆਰੇ ਕੀ ਕਰੋਗੇ । ਓਦਰ ਦੇਖੋ ਜੰਗੀ ਜਹਾਜ਼ ਦਾ ਮੂੰਹ ਸਿੱਧਾ ਸਾਡੇ ਵਲ ਹੈ ।

ਦੂਰ ਬਿਗਲ ਦੀ ਉੱਚੀ ਆਵਾਜ਼ ਪਿੱਛੋਂ
ਫੌਜੀ ਬੈਂਡ ਦੀ ਜੰਗੀ ਧੁੰਨ ।

**ਫੌਜੀ**

ਆਹ ਤਾਂ ਸਚਮੁੱਚ ਤੋਪਾਂ ਦਾਗਣ ਦੀ ਤਿਆਰੀ ਹੈ ।

**ਕਰਮਾ**

ਇਨ੍ਹਾਂ ਗਿੱਦੜ ਭਵਕੀਆਂ ਤੋਂ ਅਸੀਂ ਨਹੀਂ ਡਰਦੇ । ਚਮਕੌਰ ਦੀ ਗੜ੍ਹੀ 'ਚ ਕੁਲ ਚਾਲੀ ਸਿੰਘ ਸਨ, ਅਸੀਂ ਤਾ ਫੇਰ ਪੌਣੇ ਚਾਰ ਸੋ ਹਾਂ ।

**ਮੀਰ**

ਦੋਸਤੋ, ਅੱਗੇ ਹੱਥੋਂ ਹੱਥ ਲੜਾਈ ਹੁੰਦੀ ਸੀ ਤਾਹੀਂਉ ਜ਼ੋਰਾਵਰਾਂ ਦੀ ਕਦਰ ਸੀ । ਹੁਣ ਤੋਪਾਂ ਦਾ ਮੂੰਹ ਤੋਪਾਂ ਨਾਲ ਹੀ ਮੋੜਿਆ ਜਾ ਸਕਦਾ ਹੈ ।

**ਕਰਮਾ**

ਬਲਵਾਨ ਰੂਹਾਂ ਦਾ ਕਠ ਸਭ ਤੋਂ ਵੱਡੀ ਤੋਪ ਹੁੰਦਾ ।

**ਬਾਰੂ**

ਨੇਰ ਸਾਈ ਦਾ ਇਨ੍ਹਾਂ ਨੂੰ ਕੋਈ ਪੁੱਛਣ ਆਲਾ ਨਹੀਂ ।

**ਫੌਜੀ**

ਈਸਾ ਦੇ ਅਨਿਆਈਆਂ ਨੇ ਰਬ ਨੂੰ ਭੁੱਲਾ ਦਿੱਤਾ ਲਗਦਾ ਹੈ ।

**ਮੀਰ**

ਲਓ ਬਾਬਾ ਜੀ ਖੁਦ ਆ ਗਏ ਨੇ ।



**ਫੌਜੀ**

ਭਾਈ ਸਾਹਬ, ਮੀਰ ਮਹੁੰਮਦ ਨੇ ਖਤਰਨਾਕ ਖਬਰ ਦੱਸੀ ਹੈ ।

**ਕਰਮਾ**

ਸੁਣੋ ਤਾਂ ਸਹੀ ਦੁਸ਼ਮਣ ਕੀ ਕਰਨ ਲੱਗਾ ਏ ।

**ਗੁਰਦਿਤ**

ਇਕ ਖਬਰ ਮੈਂ ਵੀ ਲੈ ਕੇ ਆਇਆਂ ।

**ਕਰਮਾ**

ਤੁਸੀਂ ਕੀ ਖਬਰ ਲਿਆਏ ਓ ?

**ਗੁਰਦਿਤ**

ਹੁਣੇ ਆਹ ਲਿਖਤੀ ਅਲਟੀਮੇਟਮ ਮਿਲਿਆ ਹੈ

**ਬਾਰੂ**

ਉਹਦਾ ਕਿਆ ਮਤਲਬ ?

**ਗੁਰਦਿਤ**

ਹਿੰਦੀਆਂ ਦੀ ਆਖਰੀ ਅਪੀਲ ਵੀ ਖਾਰਜ ਹੋ ਗਈ ਏ । ਸੋ ਹੁਕਮ ਮਿਲਿਆ, ਜਹਾਜ਼ ਫੌਰਨ ਰਵਾਨਾ ਕਰ ਦਿਉ, ਵਰਨਾ———

**ਫੌਜੀ**

ਵਰਨਾ ਕਿਆ ਹੋਵੇਗਾ ?

**ਗੁਰਦਿਤ**

ਸਾਡਾ ਜਹਾਜ਼ ਤੋਪਾਂ ਨਾਲ ਉਡਾ ਦਿੱਤਾ ਜਾਵੇਗਾ ।

**ਫੌਜੀ**

ਫੇਰ ਤਾਂ ਮੀਰ ਮਹੁੰਮਦ ਦੀ ਖਬਰ ਦਰੁੱਸਤ ਨਿਕਲੀ ।

**ਕਰਮਾ**

ਬਾਬਾ ਜੀ, ਹੁਕਮ ਦਿਉ, ਕੀ ਚਾਹੁੰਦੇ ਓ ।

**ਗੁਰਦਿਤ**

ਸਗੋਂ ਮੈਨੂੰ ਸਲਾਹ ਦਿਉ, ਇਹਦਾ ਕੀ ਜਵਾਬ ਦਿਆਂ ।

**ਫੌਜੀ**

ਨਿਧੜਕ ਲਿਖ ਦਿਉ, ਰਾਸ਼ਨ ਪਾਣੀ ਲਏ ਬਿਨਾ ਅਸੀਂ ਹਰਗਿਜ਼ ਨਹੀਂ ਹਿੱਲਾਂਗੇ,

**ਮੀਰ**

ਹਾਂਗਕਾਂਗ ਦੀ ਰਾਹਦਾਰੀ ਵੀ ਜ਼ਰੂਰੀ ਹੈ ।

**ਕਰਮਾ**

ਰਾਹ 'ਚ ਕੁੱਤਿਆਂ ਦੀ ਮੌਤ ਮਰਨ ਨਾਲੋਂ ਤਾਂ ਚੰਗਾ ਐ ਇੱਥੇ ਹੀ ਸ਼ਹੀਦ ਹੋ ਜਾਈਏ ।

**ਫੌਜੀ**

ਭਾਈ ਸਾਹਿਬ, ਸਖਤ ਕਰੜਾ ਜਵਾਬ ਦਿਉ ।

**ਕਰਮਾ**

ਕਰਾਰੇ ਹੱਥਾਂ ਬਿਨਾਂ ਵੈਰੀ ਕਦੇ ਢੈਲ੍ਹਾ ਨਹੀਂ ਪੈਂਦਾ ।

**ਫੌਜੀ**

ਸਪਸ਼ਟ ਲਿਖ ਦਿਓ, ਅਸੀਂ ਛਾਤੀਆਂ ਤਾਣੀ ਖੜੇ ਆਂ, ਬੇਸ਼ਕ ਤੋਪਾਂ ਦਾਗ ਦਿਉ, ਚਾਹੇ ਦੋਜ਼ਖ ਦਾ ਮੂੰਹ ਖੋਲ ਦਿਉ, ਰਾਸ਼ਨ ਪਾਣੀ ਲਏ ਬਿਨਾਂ ਅਸੀਂ ਇਕ ਇੰਚ ਪਿੱਛੇ ਨਹੀਂ ਹਟਾਂਗੇ ।

**ਗੁਰਦਿਤ**

ਮੀਰ ਸਾਹਿਬ, ਵਤਨੀ ਵੀਰਾਂ ਨੂੰ ਇਸ ਮਾਰੂ ਖਤਰੇ ਤੋਂ ਫੌਰਨ ਅਗਾਹ ਕਰੋ ।

**ਮੀਰ**

ਉਨ੍ਹਾਂ ਨੂੰ ਸਾਥੋਂ ਪਹਿਲਾਂ ਹਾਕਮਾਂ ਦੀਆਂ ਕਰਤੂਤਾਂ ਦਾ ਪਤਾ ਲਗ ਚੁੱਕਾ ਹੈ । ਬਹੁਤ ਭਾਰੀ ਜਲਸਾ ਹੋ ਰਿਹਾ ਇਸ ਧਮਕੀ ਬਾਰੇ ।

**ਗੁਰਦਿਤ**

ਫੇਰ ਛੇਤੀ ਪਤਾ ਲੈ ਕੇ ਦੱਸੋ, ਭਰ੍ਹਾਵਾਂ ਨੇ ਕੀ ਫੈਸਲਾ ਕੀਤਾ ।

*ਫੌਜੀ ਨੂੰ ਇਕ ਪਾਸੇ ਲਿਜਾ ਕੇ ਕੁਝ ਸਮਝਾ ਕੇ ਜਾਂਦਾ ਹੈ । ਇਕ ਮੁਸਾਫਰ ਉੱਚੀ ਰੋਣ ਲਗ ਜਾਂਦਾ ਹੈ ।*

**ਕਰਮਾ**

ਉਇ, ਕਿਤੇ ਬੁੜੀ ਤਾਂ ਨਹੀਂ ਯਾਦ ਆ ਗਈ !

**ਫੌਜੀ**

ਜੁਆਨੋ, ਹੁਣ ਦਿਲ ਢਾਉਣ ਦਾ ਵਕਤ ਨਹੀਂ, ਸਗੋਂ ਡੌਲੇ ਫਰਕਾਣ ਦਾ ਸਮਾਂ ਹੈ । ਸੂਰਮਾ ਸੂਲੀ ਚੜ੍ਹਕੇ ਵੀ ਲਲਕਾਰੇ ਮਾਰਦਾ ਹੈ ।



**ਬਾਰੂ**

ਬਾਈ, ਚਿਤ ਨਾ ਢੈਲਾ ਕਰ, ਅਸੀਂ ਪੰਜਾਬੀ ਤਾਂ ਮੌਤ ਨੂੰ ਵੀ ਮਖੌਲਾ ਕਰਨ ਆਲ ਆਂ ।

**ਫੌਜੀ**

ਬਸ ਇਕੋ ਗਲ ਮੇਰੇ ਮਨ ਨੂੰ ਝੰਜੋੜ ਰਹੀ ਹੈ

**ਕਰਮਾ**

ਫੌਜੀਆ ਅੰਤ ਸਮੇਂ ਕੁਝ ਨਾ ਦਿਲ 'ਚ ਰਖ, ਨਹੀਂ ਖੋਤੇ ਦੀ ਜੂਨ ਪਏਂਗਾ ।

**ਬਾਰੂ**

ਬਾਈ, ਮੇਰੀ ਵੀ ਅੰਤਲੀ ਇੱਛਾ ਸੁਣ ਲਾ

**ਕਰਮਾ**

ਓਇ, ਤੇਰੀ ਵੀ ਸੁਣਦੇ ਆਂ, ਪਹਿਲਾਂ ਫੌਜੀ ਭਾਈ ਦੀ ਸੁਣ ਲਈਏ, ਲੜਾਈ ਭੜਾਈ 'ਚ ਇਹ ਸਾਡਾ ਮੋਢੀ ਐ ।

**ਫੌਜੀ**

ਜੇ ਉਨ੍ਹਾਂ ਨੇ ਜਹਾਜ਼ ਨੂੰ ਤੋਪਾਂ ਨਾਲ ਉੜਾ ਦਿੱਤਾ ਤਾਂ ਦੁਨੀਆਂ ਨੂੰ ਸਾਡੀ ਵਿਥਿਆ ਦੱਸਣ ਵਾਲਾ ਕੋਈ ਨਹੀਂ ਰਹਿਣਾ । ਦੁਸ਼ਮਣ ਨੇ ਤਾਂ ਸਚ ਨੂੰ ਝੂਠ ਦਾ ਕਿੱਸਾ ਬਣਾ ਦੇਣਾ।

**ਕਰਮਾ**

ਵਾਹ ਭਈ ਵਾਹ ਫੌਜੀਆ, ਲਖ ਰੁਪਏ ਦੀ ਗਲ ਦੱਸੀ ਐ । ਇਹ ਸਾਕਾ ਸੁਨਾਣ ਲਈ ਇਕ ਬੰਦਾ ਜ਼ਰੂਰ ਜੀਂਦਾ ਰਹਿਣਾ ਚਾਹੀਦਾ ਏ :

**ਫੌਜੀ**

ਮੈਨੂੰ ਹੁਣੇ ਹੁਣੇ ਇਕ ਗਲ ਫੁਰੀ ਐ ।

**ਕਰਮਾ**

ਅੰਤ ਸਮੇਂ ਦਮਾਗ ਤੇਜ਼ ਚਲਦਾ ਹੁੰਦਾ, ਦਸ ਕੀ ਸੁੱਝਾ ?

**ਫੌਜੀ**

ਕਾਕੇ ਬਲਵੰਤ ਨੂੰ ਬਚਾ ਘੱਤੀਏ ।

**ਮੀਰ**

ਭਈ ਵਾਹ ! ਕਮਾਲ ਦੀ ਤਜਵੀਜ਼ ਐ

*ਇਕ ਮੁਸਾਫਰ 6 ਸਾਲਾਂ ਦੇ ਬੱਚੇ ਬਲਵੰਤ ਨੂੰ ਉੱਚਾ ਚੁੱਕ ਲੈਂਦਾ ਹੈ ।*

ਬਾਰੂ

ਇਹ ਨੂੰ ਕੰਢੇ ਕੌਣ ਲਗਣ ਦੇਊ ?

ਕਰਮਾ

ਇਹ ਤਾਂ ਪਕਾ ਤੈਰਾਕ ਏ, ਇਹਨੇ ਮੱਛੀ ਵਾਂਗ ਤਰ ਕੇ ਕੰਢੇ ਲਗ ਜਾਣਾ, ਕਿਉਂ ਬਲਵੰਤ ?

ਬਾਰੂ

ਹੈ ਤਾਂ ਨਿਕੜਾ ਜਿਹਾ ਪਰ ਗੱਲਾਂ ਸਭ ਸਮਝਦਾ ।

ਕਰਮਾ

ਆਖਰ ਪਿਉ ਦਾ ਪੁੱਤਰ ਐ ।

ਫੌਜੀ

ਭਾਈ ਸਾਹਿਬ ਦੇ ਸਾਡੇ ਸਿਰ ਬਹੁਤ ਅਹਿਸਾਨ ਨੇ । ਇਕ ਨੇਕ ਕੰਮ ਕਰਕੇ ਕੁਝ ਕਰਜ਼ਾ ਤਾਂ ਲਾਹੀਏ ।

ਕਰਮਾ

ਲਓ ਭਾਈ ਸਾਹਿਬ ਆਪ ਆ ਈ ਗਏ ।

ਫੌਜੀ

(ਹੌਲੀ) ਸਾਰੇ ਮੇਰੀ ਗਲ ਦੀ ਹਾਮੀ ਭਰਿਓ ।

ਗੁਰਦਿਤ

ਸਾਰੇ ਮੇਰੇ ਵਲ ਇਸ ਤਰ੍ਹਾਂ ਕਿਉਂ ਝਾਕਦੇ ਓ, ਦੱਸੋ ਕੀ ਗਲ ਹੈ ?

ਫੌਜੀ

ਪਹਿਲਾਂ ਬਚਨ ਦਿਉ, ਪੰਚਾਂ ਦੀ ਗਲ ਮੰਨੋਗੇ ।

ਗੁਰਦਿਤ

ਅੱਗੇ ਕਦੋਂ ਮੈਂ ਭਰਾਵਾਂ ਦਾ ਕਹਿਣਾ ਮੋੜਿਆ । ਮੈਂ ਖੁਦ ਹੀ ਜਹਾਜ਼ ਕਮੇਟੀ ਬਣਾਈ ਹੈ ।

ਫੌਜੀ

ਅਸੀਂ ਇਕ ਮਤਾ ਪਾਸ ਕੀਤਾ, ਤੁਹਾਨੂੰ ਮੰਨਣਾ ਪਵੇਗਾ ।

ਗੁਰਦਿਤ

ਸਿਰ ਮੱਥੇ ਮੰਨਾਂਗਾ, ਨਿਝਕ ਦੱਸੋ ।

ਫੌਜੀ

ਅਸੀਂ ਕਾਕਾ ਬਲਵੰਤ ਨੂੰ ਬਚਾਣ ਦਾ ਫੈਸਲ ਕੀਤਾ ਹੈ ।



ਗੁਰਦਿਤ

ਉਹ ਕਿਉਂ ?

ਫੌਜੀ

ਤਾਂ ਜੋ ਕਾਮਾ ਗਾਟਾ ਮਾਰੂ ਦੀ ਗਾਥਾ ਦੁਨੀਆ ਤਕ ਪਹੁੰਚ ਸਕੇ ।

ਕਰਮਾ

ਭਾਈ ਸਾਹਬ, ਕੀ ਸੋਚਣ ਲਗ ਪਏ ਓ ?

ਬਾਰੂ

ਬਾਬਾ ਜੀ, ਚੁਪ ਕਿਉਂ ਹੋ ਗਏ ?

ਗੁਰਦਿਤ

ਇਹ ਮੈਥੋਂ ਨਹੀਂ ਹੋ ਸਕਣਾ ।

ਫੌਜੀ

ਤੁਸੀਂ ਹੁਣੇ ਬਚਨ ਦੇ ਚੁੱਕੇ ਓ ।

ਕਰਮਾ

ਤੁਹਾਨੂੰ ਆਪਣੇ ਇਕਲੌਤੇ ਬੇਟੇ ਦੀ ਜਾਨ ਪਿਆਰੀ ਨਹੀਂ ?

ਬਾਰੂ

ਨਿਰਦੋਸ਼ ਬੱਚਾ, ਸਾਡੇ ਨਾਲ ਬਲੀ ਦਾ ਬਕਰਾ ਨਹੀਂ ਬਨਣਾ ਚਾਹੀਦਾ ।

ਫੌਜੀ

ਜਲਦੀ ਬੋਲੋ, ਤੁਸੀ ਪੰਚਾਂ ਦੀ ਗਲ ਮੰਨਣ ਲਈ ਤਿਆਰ ਹੋ ਕਿ ਨਹੀਂ ?

ਗੁਰਦਿਤ

ਨਹੀਂ ।

ਫੌਜੀ

(ਉੱਚੀ) ਕਿਉਂ ਨਹੀਂ ?

ਗੁਰਦਿਤ

ਤੁਸੀਂ ਸਾਰੇ ਹੀ ਮੇਰੇ ਬੱਚੇ ਓ । ਮੈਂ ਆਪਣੇ ਬੱਚੇ ਨੂੰ ਬਚਾ ਕੇ ਮੱਥੇ ਕਾਲਖ ਦਾ ਟਿੱਕਾ ਨਹੀਂ ਲਗਾਣਾ ਚਾਹੁੰਦਾ । ਯਾਦ ਕਰੋ, ਚਮਕੌਰ ਦੀ ਗੜ੍ਹੀ ਦੇ ਘੇਰੇ ਸਮੇਂ ਗੁਰੂ ਸਾਹਿਬ ਨੇ ਆਪਣੇ ਹੱਥੀਂ ਵੱਡੇ ਸਾਹਿਬਜ਼ਾਦਿਆਂ ਨੂੰ ਤੋਰਿਆ ਸੀ ।

ਫੌਜੀ

ਭਾਈ ਸਾਹਿਬ, ਤੁਹਾਡੀ ਕੁਰਬਾਨੀ ਤੇ ਬਲਿਹਾਰ !

**ਕਰਮਾ**

ਤੁਸੀਂ ਕਰੜੇ ਇਮਧਿਆਨ ਚੋਂ ਪਾਸ ਹੋ ਗਏ ਓ।

**ਗੁਰਦਿਤ**

ਸਾਥੀਓ, ਸ਼ਹਾਦਤ ਪ੍ਰਾਪਤ ਕਰਨ ਲਈ ਸਭ ਤਿਆਰ ਹੋ ਜਾਓ। ਭਗਤ ਕਬੀਰ ਦਾ ਸ਼ਬਦ ਮੇਰੇ ਨਾਲ ਰਲ ਕੇ ਗਾਓ।

ਸੂਰਾ ਸੋ ਪਹਿਚਾਨੀਐ
ਜੁ ਲਰੈ ਦੀਨ ਕੇ ਹੇਤ
ਪੁਰਜਾ ਪੁਰਜਾ ਕਟਿ ਮਰੈ
ਕਬਹੂ ਨਾ ਛਾਡੈ ਖੇਤ।

(ਸਾਰੇ ਮੁਸਾਫਰ ਅੱਖਾਂ ਬੰਦ ਕਰਕੇ ਛਾਤੀਆਂ ਤਾਣੀ ਗਾ ਰਹੇ ਹੁੰਦੇ ਹਨ)

**ਮੀਰ**

ਭਾਈ ਸਾਹਿਬ ਤੇ ਭਰਾਵੋ, ਅੱਖਾਂ ਖੋਲ੍ਹੋ, ਤਾਜ਼ਾ ਖ਼ਬਰ ਸੁਣੋ।

**ਗੁਰਦਿਤ**

ਚੰਗੀ ਖ਼ਬਰ ਤਾਂ ਹੈ ?

**ਮੀਰ**

ਸਾਡੀ ਕੁਰਬਾਨੀ ਵਤਨੀ ਵੀਰਾਂ ਦੇ ਮੁਕਾਬਲੇ ਤੇ ਤੁਛ ਹੈ।

**ਗੁਰਦਿਤ**

ਉਹ ਕਿਸ ਤਰ੍ਹਾਂ ?

**ਫੌਜੀ**

ਕਿਆ ਮਾਰਕਾ ਮਾਰਿਆ ਹਿੰਦੀ ਭਰਾਵਾਂ ਨੇ ?

**ਮੀਰ**

ਉਨ੍ਹਾਂ ਨੇ ਸਾਰੇ ਸ਼ਹਿਰ ਨੂੰ ਅਗ ਲਾ ਕੇ ਸਾੜਨ ਔਰ ਆਪ ਮਰ ਮਿਟਣ ਦਾ ਮਤਾ ਪਾਸ ਕੀਤਾ ਹੈ।

**ਬਹੁਤ ਆਵਾਜ਼ਾਂ**

ਵਾਹ ਵਾਹ! ਬਲਿਹਾਰ!'

**ਮੀਰ**

ਇਧਰ ਜੰਗੀ ਜਹਾਜ਼ ਦੀਆਂ ਤੋਪਾਂ ਚਲਣਗੀਆਂ ਉੱਧਰ ਸਾਰਾ ਸ਼ਹਿਰ ਅਗ ਦੀ ਭੇਟ ਹੋ ਜਾਵੇਗਾ। ਪਟਰੋਲ ਤੇ ਮਿੱਟੀ ਦਾ ਤੇਲ ਥਾਂ ਥਾਂ ਪਹੁੰਚ ਚੁਕਾ ਹੈ। ਵਤਨੀ ਵੀਰ ਸਾਰੇ ਸ਼ਹਿਰ ਵਿਚ ਖਿੰਡਰ ਚੁੱਕੇ ਨੇ।



**ਗੁਰਦਿਤ**

(ਪੂਰੇ ਜ਼ੋਰ ਨਾਲ ਚੀਖਦਾ ਹੋਇਆ) ਫੈਸਲਾ ਗਲਤ ਹੈ, ਸਰਾ ਸਰ ਗਲਤ ਹੈ! ਮੈਂ ਮਰ ਕੇ ਵੀ ਇਹ ਅਨਰਥ ਨਹੀਂ ਹੋਣ ਦਿਆਂਗਾ।

**ਫੌਜੀ**

(ਉੱਚੀ) ਭਾਈ ਸਾਹਿਬ, ਸਗੋਂ ਹਾਕਮਾਂ ਦੇ ਹੋਸ਼ ਟਿਕਾਣੇ ਆਉਣ ਦਿਉ।

**ਕਰਮਾ**

ਦੁਨੀਆਂ ਭਰ ਨੂੰ ਸਾਡੀ ਹਾਲਤ ਦਾ ਪਤਾ ਲਗਣ ਦਿਉ।

**ਗੁਰਦਿਤ**

ਗੈਰ-ਇਨਸਾਨੀ ਬੇਹੂਦਾ ਫੈਸਲਾ ਹੈ। ਬੇਅੰਤ ਕੈਨੇਡੀਅਨ ਸਾਡੇ ਕਾਜ਼ ਨਾਲ ਹਮਦਰਦੀ ਰਖਦੇ ਨੇ। ਅਖਬਾਰਾਂ ਵਾਲੇ ਹਰ ਰੋਜ਼ ਸਾਡੇ ਹਕ'ਚ ਐਡੀਟੋਰੀਅਲ ਛਾਪਦੇ ਨੇ। ਅਣਗਿਣਤ ਮਾਸੂਮ ਬੱਚੇ ਬੁੱਢੇ ਔਰਤਾਂ ਨਿਹਕ ਝੁਲਸੇ ਜਾਣਗੇ।

**ਕਰਮਾ**

ਦਾਣਿਆਂ ਨਾਲ ਘੁਣ ਵੀ ਤਾਂ ਪੀਠਾ ਜਾਂਦਾ ਏ।

**ਗੁਰਦਿਤ**

ਜ਼ਰਾ ਸੋਚੋ-ਸਮਝੋ। ਸਾਡੀ ਸ਼ਹੀਦੀ ਨਾਲ ਦੁਨੀਆਂ ਭਰ ਦੀ ਜ਼ਮੀਰ ਹਲੂਣੀ ਜਾਵੇਗੀ; ਦੇਸ ਅੰਦਰ ਆਜ਼ਾਦੀ ਦੀ ਜੰਗ ਨੂੰ ਹਵਾ ਮਿਲੇਗੀ। ਪਰ ਲੱਖਾਂ ਬੇਦੋਸ਼ਿਆਂ ਦੀ ਮੌਤ ਨਾਲ ਕਾਲਖ ਦਾ ਟਿੱਕਾ ਭਾਰਤ ਮਾਂ ਦੇ ਮੱਥੇ ਥਪਿਆ ਜਾਵੇਗਾ। ਯਕੀਨ ਜਾਣੋ ਏਸ ਕਰਤੂਤ ਨਾਲ ਇਕ ਵੀ ਹਿੰਦੀ ਕੈਨੇਡਾ ਜਾਂ ਅਮਰੀਕਾ ਵਿਚ ਜ਼ਿੰਦਾ ਨਹੀਂ ਬਚੇਗਾ। ਗ਼ਦਰ ਪਾਰਟੀ ਦੀ ਲਹਿਰ ਜੰਮਦੀ ਹੀ ਕੁਚਲੀ ਜਾਵੇਗੀ।

**ਮੀਰ**

ਭਰਾਵੋ, ਨਕ ਦੀ ਘੋੜੀ ਤਕ ਨਾ ਤੱਕੋ। ਬਜ਼ੁਰਗ ਦੀ ਦੂਰ ਦ੍ਰਿਸ਼ਟੀ ਨੂੰ ਸਮਝੋ।

**ਫੌਜੀ**

ਭਾਈ ਸਾਹਿਬ, ਤੁਸੀਂ ਕੀ ਚਾਹੁੰਦੇ ਓ ?

**ਗੁਰਦਿਤ**

ਮੈਂ ਭਰਾਵਾਂ ਨੂੰ ਇਸ ਗਲਤ ਕਦਮ ਚੁੱਕਣ ਤੋਂ ਰੋਕਣਾ ਚਾਹੁੰਦਾਂ। ਅਸੀਂ ਗੁਰੂ ਤੇਗ ਬਹਾਦਰ ਦੇ ਨਕਸ਼ੇ ਕਦਮ ਤੇ ਚਲ ਕੇ ਹਾਕਮਾਂ ਦੀ ਜ਼ਮੀਰ ਟੁੰਬ ਸਕਦੇ ਆਂ। ਦੁਸ਼ਮਨ ਸਾਨੂੰ ਮਾਰ ਕੇ ਹਾਰ ਖਾ ਜਾਵੇਗਾ, ਸਾਡੀ ਮਰ ਕੇ ਵੀ ਜੈ ਜੈ ਕਾਰ ਹੋਵੇਗੀ।

**ਫੌਜੀ**

ਵਾਹ ਭਾਈ ਸਾਹਿਬ ਵਾਹ! ਤੁਹਾਡੀ ਅਕਲ ਨੂੰ ਕੌਣ ਪਹੁੰਚ ਸਕਦਾ ਹੈ।

**ਗੁਰਦਿਤ**

ਮੀਰ ਮੁਹੰਮਦ, ਜਜ਼ਬੇ ਵਿਚ ਭੜਕੇ ਭਰਾਵਾਂ ਨੂੰ ਫੌਰਨ ਪੈਗਾਮ ਭੇਜੋ। ਕਿਸੇ ਹਾਲਤ ਵਿਚ ਇਹ ਗਲਤ ਕਦਮ ਨਾ ਪੁੱਟਣ। ਅਸੀਂ ਖਿੜੇ ਮੱਥੇ ਮੌਤ ਲਾੜੀ ਨੂੰ ਪਰਨਾਣ ਲਈ ਤਿਆਰ ਖੜੇ ਹਾਂ।

**ਇਕ ਮੁਸਾਫ਼ਰ**

(ਸਾਹੋ ਸਾਹ) ਬਾਬਾ ਜੀ, ਇਕ ਅਗਨ ਬੋਟ ਵਾਹੋ ਦਾਹੀ ਸਾਡੇ ਵਲ ਆ ਰਿਹਾ।

**ਗੁਰਦਿਤ**

ਜੁਆਨੋ, ਤਿਆਰ ਹੋ ਜਾਓ। ਅੱਗੇ ਵਾਂਗ ਡੈੱਕ ਤੇ ਆਪੋ ਆਪਣੇ ਮੋਰਚੇ ਮਲ ਲਵੋ।

ਹਫੜਾ ਦਫੜੀ ਜਿਹੀ ਮਚ ਜਾਂਦੀ ਹੈ।

**ਫੌਜੀ**

ਸੁਣੋ, ਭਾਈ ਸਾਹਿਬ ਦੇ ਹੁਕਮ ਦੇਣ ਤੋਂ ਪਹਿਲਾਂ ਕੋਈ ਕੋਲਾ ਪੱਥਰ ਨਾ ਮਾਰੇ। ਅੱਗੇ ਵਾਂਗ ਮੈਂ ਇਸ਼ਾਰਾ ਕਰਾਂਗਾ।

**ਕਰਮਾ**

ਮੈਨੂੰ ਤਾਂ ਉਹ ਆਪਣੇ ਭਾਈਬੰਦ ਲਗਦੇ ਨੇ।

**ਬਾਰੂ**

(ਦੇਖਦਾ ਹੋਇਆ) ਕਿਤੇ ਕੋਈ ਧੋਖਾ ਨਾ ਹੋਵੇ।

**ਗੁਰਦਿਤ**

ਭਰਾਵਾਂ ਨੂੰ ਕਿੱਦਾਂ ਜਹਾਜ਼ 'ਚ ਆਉਣ ਦੀ ਖੁਲ ਮਿਲ ਗਈ। ਜ਼ਰੂਰ ਕੋਈ ਭਿਆਨਕ ਘਟਨਾ ਵਾਪਰੀ ਹੋਵੇਗੀ। (ਫੌਜੀ ਨੂੰ) ਤੁਸੀਂ ਆਪ ਦੇਖ ਪਰਖ ਕੇ ਨਾਲ ਲੈ ਕੇ ਆਓ।

**ਕਰਮਾ**

ਧਿਆਨ ਰਖਣਾ ਕਿਤੇ ਮਿੱਤਰ ਦੇ ਭੇਸ ਵਿਚ ਦੁਸ਼ਮਨ ਨਾ ਹੋਣ।

**ਬਾਰੂ**

ਕਿਤੇ ਕੰਜਰ ਬੇਲੇ ਦੀ ਜੁੰਡੀ ਨਾ ਹੋਵੇ।

**ਗੁਰਦਿਤ**

ਫ਼ਿਕਰ ਨਾ ਕਰੋ। ਦੋਸਤ ਦੁਸ਼ਮਨ ਨੂੰ ਮਿਲਣ ਲਈ ਅਸੀਂ ਤਿਆਰ ਹਾਂ।

ਕੁਝ ਚਿਰ ਪਿਛੋਂ ਫੌਜੀ ਦੋ ਬੰਦਿਆਂ ਨੂੰ ਲੈ ਕੇ ਆਉਂਦਾ ਹੈ।



**ਭਾਗ ਸਿੰਘ**

ਸਭ ਨੂੰ ਸਤਿ ਸ੍ਰੀ ਅਕਾਲ

**ਸਾਰੇ**

ਸਤਿ ਸ੍ਰੀ ਕਾਲ

**ਗੁਰਦਿਤ**

ਦੋਸਤੋ, ਆਪਣੀ ਜਾਣ ਪਛਾਣ ਆਪੇ ਕਰਵਾ ਦਿਉ।

**ਹਸਨ**

ਮੈਂ ਹਾਂ ਰਹੀਮ ਹਸਨ ਇਕ ਸੋਸ਼ਲ ਵਰਕਰ।

**ਭਾਗ**

ਮੈਂ ਹਾਂ ਤੁਹਾਡਾ ਅਦਨਾ ਜਿਹਾ ਸੇਵਕ ਭਾਗ ਸਿੰਘ।

**ਗੁਰਦਿਤ**

ਹੈਂ! ਤੁਸੀਂ!! ਸਾਡੇ ਸਭ ਤੋਂ ਵੱਡੇ ਸ਼ੁਭਚਿੰਤਕ ਤੇ ਸਹਾਇਕ।

ਦੋਹਾਂ ਨੂੰ ਵਾਰੋ ਵਾਰੀ ਜੱਫੀਆਂ ਪਾਂਦਾ ਹੈ।

ਭਰਾਵੋਂ, ਪਤਾ ਇਹ ਮਹਾਂ ਪੁਰਸ਼ ਕੌਣ ਨੇ?

**ਕਰਮਾ**

ਤੁਸੀਂ ਆਪੇ ਦਸ ਦਿਉ।

**ਗੁਰਦਿਤ**

ਇਹ ਨੇ ਸਾਡੇ ਅਸਲ ਰਖਿਅਕ। ਕਾਮਾ ਗਾਟਾ ਮਾਰੂ ਦੇ ਨਵੇਂ ਪਟੇਦਾਰ। ਜੇ ਇਹ ਵਕਤ ਸਿਰ ਜਹਾਜ਼ ਦੀ ਦੂਜੀ ਕਿਸਤ ਨਾ ਤਾਰਦੇ ਤਾਂ ਇਮੀਗ੍ਰੇਸ਼ਨ ਵਾਲਿਆਂ ਕਾਨੂੰਨੀ ਤੌਰ ਤੇ ਜਹਾਜ਼ ਸਾਥੋਂ ਖੋਹ ਲੈਣਾ ਸੀ ਅਤੇ ਸਾਨੂੰ ਬਾਗ਼ੀ ਕਰਾਰ ਦੇ ਕੇ ਖਤਮ ਕਰ ਦੇਣਾ ਸੀ।

**ਫੌਜੀ**

ਬੋਲੋ, ਭਾਗ ਸਿੰਘ ਹਸਨ ਰਹੀਮ।

**ਸਾਰੇ**

ਜ਼ਿੰਦਾਬਾਦ!

**ਗੁਰਦਿਤ**

ਦੱਸੋ ਕੀ ਖ਼ਬਰ ਲੈ ਕੇ ਆਏ ਓ ?

**ਭਾਗ**

ਖ਼ੁਸ਼ਖਬਰੀ ਦੇਣ ਆਏ ਹਾਂ ।

**ਹਸਨ**

ਸ਼ਾਨਦਾਰ ਜਿਤ ਦੀ ਮੁਬਾਰਕਬਾਦ ਦੇਣ ।

**ਗੁਰਦਿਤ**

ਸਖਤ ਔੜ ਪਿਛੋਂ ਇਹ ਬਰਖਾ ਕਿਵੇਂ ?

**ਭਾਗ**

ਕੈਨੇਡੀਅਨ ਸਰਕਾਰ ਝੁਕ ਗਈ ਏ । ਇਕ ਭਾਰੀ ਦੁਰਘਟਨਾ ਟਲ ਗਈ ਏ ।

**ਗੁਰਦਿਤ**

ਪਰ ਇਹ ਚਮਤਕਾਰ ਹੋਇਆ ਕਿੱਦਾਂ ?

**ਹਸਨ**

ਹਿੰਦੀ ਭਰਾਵਾਂ ਦੇ ਇਕ ਮੁਠ ਹੋਣ ਨਾਲ ।
ਜਾਨ ਤਲੀ ਤੇ ਧਰਨ ਨਾਲ ।

**ਭਾਗ**

ਮਰਨ ਮਾਰਨ ਦੀ ਧਮਕੀ ਨੇ ਅਖੀਰ ਉਨ੍ਹਾਂ ਦੇ ਹੋਸ਼ ਟਿਕਾਣੇ ਲੈ ਆਂਦੇ ।

**ਗੁਰਦਿਤ**

ਸ਼ਹਿਰ ਅਗ ਤੋਂ ਤਾਂ ਬਚ ਗਿਆ ਨਾ ?

**ਭਾਗ**

ਵਾਲ ਵਾਲ ਬਚ ਗਿਆ ।

**ਗੁਰਦਿਤ**

ਸ਼ੁਕਰ ਹੈ ਉਸ ਅਕਾਲ ਪੁਰਖ ਦਾ ।

**ਭਾਗ**

ਭਰਾਵੋ, ਸਾਨੂੰ ਸਭ ਨੂੰ ਬੇਹਦ ਦੁਖ ਹੈ ਅਸੀਂ ਤੁਹਾਨੂੰ ਉਤਾਰਨ ਵਿਚ ਕਾਮਯਾਬ ਨਹੀਂ,



ਹੋ ਸਕੇ ।

**ਹਸਨ**

ਸਾਡੇ ਸਾਰੇ ਸਿਰ ਤੋੜ ਜਤਨ ਨਾਕਾਮਯਾਬ ਰਹੇ ।

**ਗੁਰਦਿਤ**

ਸਾਨੂੰ ਸਭ ਕੁਝ ਪਤਾ ਲਗ ਚੁੱਕਾ, ਤੁਹਾਡੇ ਵਲੋਂ ਕੋਈ ਕਸਰ ਬਾਕੀ ਨਹੀਂ ਰਹੀ ।

**ਭਾਗ**

ਤੁਹਾਨੂੰ ਪੂਰਾ ਰਾਸ਼ਨ ਪਾਣੀ ਤੇ ਵਾਪਸੀ ਦਾ ਸਾਰਾ ਖਰਚਾ ਮਿਲੇਗਾ ।

**ਇਕ ਬੁੱਢੀ**

(ਰੋਂਦੀ ਹੋਈ) ਵੇ ਭਾਈ, ਹੁਣ ਸਾਨੂੰ ਵਾਪਸ ਮੁੜਨਾ ਪਊ ।

**ਭਾਗ**

ਹਾਂ ਮਾਤਾ ਜੀ ।

**ਬੁੱਢੀ**

(ਰੋਂਦੀ ਹੋਈ) ਮੇਰਾ ਬੱਚਾ ਬੀਮਾਰ ਹੈ । ਇਹ ਧੁਰ ਨਹੀਂ ਪੁੱਜੇਗਾ । ਵੇ ਭਾਈ ਸਾਨੂੰ ਤਾਂ ਉਤਾਰ ਲਓ, ਰਬ ਤੁਹਾਡਾ ਭਲਾ ਕਰੇਗਾ ।

**ਭਾਗ**

ਮਾਤਾ ਜੀ, ਜੇ ਸਾਡੇ ਵਸ ਹੁੰਦਾ ਤਾਂ ਦੋ ਮਹੀਨੇ ਪਹਿਲੇ ਸਭ ਨੂੰ ਉਤਾਰ ਲੈਂਦੇ ।

**ਹਸਨ**

ਦੋਸਤੋ, ਦਿਲ ਹੌਲੇ ਨੇ ਕਰੋ । ਤੁਹਾਡੀਆਂ ਸਭ ਸ਼ਰਤਾਂ ਮੰਨ ਲਈਆਂ ਗਈਆਂ ਨੇ, ਤੁਸੀਂ ਬਾਇੱਜ਼ਤ ਦੇਸ਼ ਪਰਤੋਗੇ ।

ਦੋ ਤਿੰਨ ਮੁਸਾਫਰ ਹੋਰ ਰੋਣ ਲਗ ਜਾਦੇ ਹਨ ।

**ਭਾਗ**

ਸਾਥੀਓ, ਤੁਸੀਂ ਜ਼ਿੰਦਾ ਸ਼ਹੀਦ ਹੋ, ਰੋਣਾ ਧੋਣਾ ਹੁਣ ਤੁਹਾਨੂੰ ਨਹੀਂ ਸੋਭਦਾ ।

**ਹਸਨ**

ਵਤਨ ਵਾਸੀਓ, ਇਹ ਬਹੁਤ ਭਾਰੀ ਖੁਸ਼ੀ ਦਾ ਵਾਕਿਆ ਹੈ । ਹਿੰਦੁਸਤਾਨ ਦੀ ਆਜ਼ਾਦੀ ਦੀ ਸਭ ਤੋਂ ਪਹਿਲੀ ਫਤਹ ਦੇਸ਼ ਤੋਂ ਦੂਰ ਡੂੰਘੇ ਪਾਣੀਆਂ ਵਿਚ ਹੋਈ ਹੈ ।

**ਭਾਗ**

ਤੁਹਾਡੀ ਅਦੁਤੀ ਕੁਰਬਾਨੀ ਤੇ ਸਹਿਨਸ਼ੀਲਤਾ ਦਾ ਦੁਨੀਆਂ ਭਰ ਵਿਚ ਡੰਕਾ ਵੱਜੇਗਾ । ਭਾਈ ਗੁਰਦਿਤ ਸਿੰਘ ਮਹਾਨ ਨੇਤਾ ਸਿੱਧ ਹੋਏ ਨੇ ।

**ਹਸਨ**

ਦੁਖੀ ਹੋਣ ਦੀ ਥਾਂ ਸਗੋਂ ਖੁਸ਼ੀ ਦੇ ਨਾਹਰੇ ਮਾਰੋ। ਬਦੇਸ਼ਾਂ ਵਿਚ ਵਸਦੇ ਭਰਾਵਾਂ ਦੀ ਤੁਸੀਂ ਧੌਣ ਉੱਚੀ ਕਰ ਚੱਲੇ ਓ। ਅੰਗ੍ਰੇਜ਼ੀ ਸਾਮਰਾਜ ਦਾ ਸੂਰਜ ਤੁਸੀਂ ਸਮੁੰਦਰ ਵਿਚ ਡੋਬ ਦਿੱਤਾ ਹੈ।

**ਭਾਗ**

ਮੁਲਕ ਦੀ ਆਜ਼ਾਦੀ ਦਾ ਸੰਘਰਸ਼ ਸਗੋਂ ਜਾ ਕੇ ਤੇਜ਼ ਕਰੋ। ਗਦਰ ਪਾਰਟੀ ਦੇ ਲੀਡਰ ਜਾਪਾਨ ਵਿਚ ਤੁਹਾਡੇ ਗੱਲਾਂ ਵਿਚ ਫੁੱਲਾਂ ਦੇ ਹਾਰ ਪਾਣ ਲਈ ਤੁਹਾਥੋਂ ਪਹਿਲਾਂ ਪਹੁੰਚ ਰਹੇ ਨੇ।

**ਹਸਨ**

ਸਾਰੀ ਵਾਟ ਦੇਸ਼ ਦੇ ਤਰਾਨੇ ਗਾਂਦੇ ਜਾਓ; ਤੁਹਾਡਾ ਰਾਹ ਸੁਖਾਲਾ ਹੋਵੇਗਾ। ਤੁਹਾਨੂੰ ਰੂਹਾਨੀ ਸ਼ਕਤੀ ਮਿਲੇਗੀ।

**ਭਾਗ**

ਸਾਰੇ ਰਲ ਕੇ ਬੋਲੋ :

ਬੰਦੇ ਮਾਤਰਮ
ਸਤਿ ਸ੍ਰੀ ਅਕਾਲ
ਅੱਲਾ ਹੂ ਅਕਬਰ
ਹਰ ਹਰ ਮਹਾਂਦੇਵ



# ਦ੍ਰਿਸ਼ ਦਸਵਾਂ

**ਢਾਡੀ**

ਬਾਈ ਜੁਲਾਈ ਦੀ ਸ਼ਾਮ ਨੂੰ ਬੇੜਾ ਵਾਪਸ ਮੁੜਿਆ
ਲੰਮਾ ਸਫਰ ਝਾਗ ਕੇ ਯੋਕੋਹਾਮਾ ਪੁਜਿਆ
ਸਠ ਦਿਨਾਂ ਦੇ ਘੇਰੇ ਵਿਚ ਬਹੁਕਸ਼ਟ ਸਹਾਰੇ
ਦੇਖ ਫਰੰਗੀ ਚਾਲੇ ਬਾਗੀ ਹੋ ਗਏ ਸਾਰੇ।

**ਦ੍ਰਿਸ਼-ਮੰਚ :** ਸਮੁੰਦਰ ਕੰਢੇ ਮੁਸਾਫਰ ਡੂੰਘੀ ਨਿਰਾਸਤਾ ਵਿਚ ਖੜੇ ਦਿਖਾਈ ਦਿੰਦੇ ਹਨ। ਗੁਰਦਿਤ ਸਿੰਘ ਉਨ੍ਹਾਂ ਵਲ ਆ ਰਿਹਾ ਹੈ।

**ਫੌਜੀ**

ਹੈਂ। ਭਾਈ ਸਾਹਿਬ ਬੜੇ ਉਦਾਸ ਲਗਦੇ ਨੇ।

**ਕਰਮਾ**

ਸਦਾ ਚੜਦੀ ਕਲਾ 'ਚ ਰਹਿਣ ਵਾਲੇ ਐਨੇ ਪਰੇਸ਼ਾਨ ਕਿਉਂ ਨੇ ਭਲਾ।

**ਫੌਜੀ**

ਜ਼ਰੂਰ ਕੋਈ ਭੈੜੀ ਖ਼ਬਰ ਹੈ।

**ਬਾਰੂ**

ਬੁਰੀਆਂ ਖਬਰਾਂ ਸੁਣ ਸੁਣ ਸਾਡੇ ਮਨ ਤਾਂ ਮਨੂਰ ਹੋ ਗਏ ਆ।

**ਕਰਮਾ**

ਬਾਬਾ ਜੀ, ਸੁਖ ਤਾਂ ਹੈ ? ਬੜੇ ਚੁਪਚਾਪ ਓ।

**ਗੁਰਦਿਤ**

ਬੁਰੀ ਖਬਰ ਲੈ ਕੇ ਆਇਆਂ।

**ਫੌਜੀ**

ਦੱਸੋ ਕਿਆ ਖਬਰ ਹੈ ?

ਗੁਰਦਿਤ

ਜਹਾਜ਼ ਹਾਂਗਕਾਂਗ ਨਹੀਂ ਜਾ ਸਕੇਗਾ ।

ਫੌਜੀ

ਹੈਂ! ਕਿਉਂ ਨਹੀਂ ਜਾ ਸਕਦਾ ?

ਗੁਰਦਿਤ

ਗੁਲਾਮਾਂ ਨੂੰ ਉਜ਼ਰ ਕਰਨ ਦਾ ਹੱਕ ਨਹੀਂ ਹੁੰਦਾ ।

ਫੌਜੀ

ਇਹ ਮੁਸਾਫਰ ਤਾਂ ਹੁਣ ਰੂਹਾਨੀ ਤੌਰ ਤੇ ਬਾਗੀ ਹੈਨ ।

ਇਕ ਮੁਸਾਫਰ

(ਰੋਂਦਾ ਹੋਇਆ) ਮੇਰਾ ਤਾਂ ਟੱਬਰ ਉਥੇ ਬੈਠਾ ਭੁੱਖਾ ਮਰ ਜਾਣਾ । ਇਸ ਤੋਂ ਉਤਰ ਕੇ ਹੋਰ ਜਹਾਜ਼ 'ਚ ਵੀ ਨਹੀਂ ਚੜ੍ਹ ਸਕਦਾ ?

ਗੁਰਦਿਤ

ਨਹੀਂ ।

ਫੌਜੀ

ਜ਼ਾਹਰ ਹੈ ਫਰੰਗੀ ਸਾਨੂੰ ਹੋਰ ਖੱਜਲ ਖੁਆਰ ਕਰਨ ਤੇ ਤੁਲਿਆ ਹੋਇਆ ਹੈ।

ਕਰਮਾ

ਅਜੇ ਕੋਈ ਕਸਰ ਬਾਕੀ ਰਹਿ ਗਈ ਸੀ ।

ਬਾਰੂ

ਬਾਬਾ, ਇਸ ਨਾਲੋਂ ਤਾਂ ਤੂੰ ਸਾਨੂੰ ਉਥੇ ਮਰ ਲੈਣ ਦਿੰਦਾ

ਗੁਰਦਿਤ

ਜੁਆਨੋ, ਦਿਲ ਨਾ ਢਾਹੋ, ਹੌਂਸਲਾ ਰੱਖੋ ।

ਬਾਰੂ

ਕੇਹੜੀ ਆਸ ਤੇ ਦਿਲ ਧਰੀਏ

ਫੌਜੀ

ਜੇ ਅਸੀਂ ਬਰਤਾਨਵੀ ਸਲਤਨਤ ਉਸਾਰ ਸਕਦੇ ਹਾਂ ਤਾਂ ਢਾਹ ਵੀ ਸਕਦੇ ਆਂ ।

ਕਰਮਾ

ਪਿਛਲੀ ਦਫਾ ਉਸ ਬਾਜ਼ਾਰ 'ਚ ਇਕ ਜਪਾਨੀ ਨੇ ਸੱਚੀ ਟੋਕ ਲਾਈ ਸੀ ।



ਫੌਜੀ

ਤੁਸੀਂ ਉਸ ਦੀ ਗਲ ਤੋਂ ਲੋਹੇ ਲਾਖੇ ਹੋਏ ਫਿਰਦੇ ਸੀ, ਹੁਣ ਦੱਸੋ ।

ਗੁਰਦਿਤ

ਕੀ ਆਖਿਆ ਸੀ ਉਸਨੇ ?

ਫੌਜੀ

ਗੁਲਾਮੀ ਸਭ ਤੋਂ ਵੱਡਾ ਵਿਭਚਾਰ ਹੈ ।

ਗੁਰਦਿਤ

ਬਿਲਕੁਲ ਠੀਕ ਕਿਹਾ । ਸਾਡੀਆਂ ਸਭ ਮੁਸੀਬਤਾਂ ਦਾ ਕਾਰਨ ਗੁਲਾਮੀ ਏ ।

ਕਰਮਾ

ਦੇਸ਼ ਤੋਂ ਧੱਕੇ ਧੋੜੇ ਖਾ ਕੇ ਨਿਕਲੇ ਸੀ ਬਾਹਰ ਵੀ ਢੋਈ ਨਾ ਮਿਲੀ ।

ਸਹਿਗਾਣ

ਦੇਸ ਪੈਣ ਧੱਕੇ ਬਾਹਰ ਮਿਲੇ ਢੋਈ ਨਾ
ਸਾਡਾ ਪ੍ਰਦੇਸੀਆਂ ਦਾ ਦੇਸ ਕੋਈ ਨਾ
ਢੋਰਾਂ ਵਾਂਗੂ ਪੈਂਦੀ ਫਿਟਕਾਰ ਹਰ ਥਾਂ
ਗੋਲਿਆਂ ਬੇ ਗੈਰਤਾਂ ਦੀ ਪਿਰ ਕੋਈ ਨਾ
ਜ਼ਾਲਮਾਂ ਨੇ ਸਾਡਾ ਬੁਰਾ ਹਾਲ ਕਰਿਆ
ਨਾ ਹੀ ਜੀਆ ਜਾਵੇ ਨਾ ਹੀ ਜਾਵੇ ਮਰਿਆ
ਹੋ ਗਏ ਬੇਵਸ ਚੱਲੇ ਪੇਸ਼ ਕੋਈ ਨਾ, ਦੇਸ ਪੈਣ.........

ਗੁਰਦਿਤ

ਚੁਪ ਕਰੋ ਭਰਾਵੋ, ਆਪਣੇ ਦਰਦੀ ਪਏ ਆਉਂਦੇ ਨੇ ।

ਫੌਜੀ

ਜਿਨ੍ਹਾਂ ਦੀਆਂ ਸੱਚੀਆਂ ਗੱਲਾਂ ਦਾ ਅਸੀਂ ਬੁਰਾ ਮਨਾਇਆ ਸੀ ?

ਗੁਰਦਿਤ

ਹਾਂ ਉਹੀ ਗਿਆਨੀ ਭਗਵਾਨ ਸਿੰਘ ਤੇ ਮੌਲਵੀ ਬਰਕਤੁੱਲਾ ।

ਕਰਮਾ

ਉਨ੍ਹਾਂ ਨਾਲ ਇਕ ਨਵਾਂ ਬੰਦਾ ਵੀ ਤਾਂ ਹੈ ।

**ਫੌਜੀ**

ਉਹ ਤਾਂ ਕੋਈ ਭਾਰੀ ਸ਼ਖਸ਼ੀਅਤ ਵਾਲਾ ਲਗਦਾ।

**ਭਗਵਾਨ**

ਭਰਾਵੋ, ਤੁਸੀਂ ਜ਼ਿਆਦਾ ਹੀ ਨਿਰਾਸ ਦਿਸ ਰਹੇ ੳ।

**ਬਰਕਤੁੱਲਾ**

ਅਸੀਂ ਤਾਂ ਤੁਹਾਨੂੰ ਪਹਿਲੋਂ ਅਗਾਹ ਕਰ ਦਿੱਤਾ ਸੀ।

**ਬੀਰੂ**

ਅਸੀਂ ਮੂੜਾਂ ਨੇ ਬੁਹਾਡੀ ਗਲ ਦਾ ਗੁੱਸਾ ਕੀਤਾ ਤਾ।

**ਭਗਵਾਨ**

ਆਓ ਤੁਹਾਨੂੰ ਕੁਰਬਾਨੀ ਦੇ ਪੁੰਜ ਓਸ ਮਹਾਨ ਦੇਸ ਭਗਤ ਨਾਲ ਮਿਲਾਈਏ ਜਿਸ ਨੇ ਅਪਣਾ ਸਾਰਾ ਜੀਵਨ ਦੇਸ ਲਈ ਅਰਪਨ ਕੀਤਾ ਹੋਇਐ।

**ਬਰਕਤੁੱਲਾ**

(ਗੁਰਦਿਤ ਸਿੰਘ ਨੂੰ ਚੁਪ ਰਹਿਣ ਦਾ ਇਸ਼ਾਰਾ ਕਰਦਾ ਹੋਇਆ) ਪਛਾਣੋ ਤਾਂ ਭਲਾ ਕੋਣ ਨੇ ਇਹ ਮਹਾਂ ਪੁਰਖ।

**ਫੌਜੀ**

ਤੁਸੀ ਆਪੇ ਹੀ ਦੱਸੋ ਸਾਡੇ ਵਿਚੋਂ ਕੋਈ ਨਹੀਂ ਪਛਾਣਦਾ।

**ਭਗਵਾਨ**

ਭਰਾਵੋ, ਇਹ ਨੇ ਸਰਦਾਰ ਸੋਹਨ ਸਿੰਘ ਭਕਨਾ ਪਰਧਾਨ ਹਿੰਦੁਸਤਾਨ ਗਦਰ ਪ ਰਟੀ ਕੈਲੇਫੋਰਨੀਆ ਅਮਰੀਕਾ।

ਸੋਹਨ ਸਿੰਘ ਪਹਿਲਾਂ ਗੁਰਦਿਤ ਸਿੰਘ ਨੂੰ ਜੱਫੀ ਪਾ ਕੇ ਮਿਲਦਾ ਹੈ ਅਤੇ ਪਿਛੋਂ ਸਭ ਨਾਲ ਹਥ ਮਲਾਦਾਂ ਤੇ ਸ਼ਾਬਾਸ਼ ਦਿੰਦਾ ਹੈ।

**ਭਗਵਾਨ**

ਸ: ਸੋਹਨ ਸਿੰਘ ਭਕਨਾ

**ਸਾਰੇ**

ਜ਼ਿੰਦਾ ਬਾਦ!

ਨਾਹਰੇ ਸੁਣ ਕੇ ਹੋਰ ਮੁਸਾਫਰ ਵੀ ਇਕੱਠੇ ਹੋ ਜਾਂਦੇ ਹਨ!



**ਭਕਨਾ**

(ਸਭ ਨੂੰ ਬੈਠਣ ਦਾ ਇਸ਼ਾਰਾ ਕਰਕੇ) ਸਾਥੀਓ, ਤੁਸੀਂ ਇਕ ਭਾਰੀ ਕਾਰਨਾਮਾ ਕਰਕੇ ਮੁੜੇ ਹੋ। ਤੁਹਾਡੇ ਚਿਹਰਿਆਂ ਤੇ ਉਦਾਸੀ ਦੀ ਥਾਂ ਜਿਤ ਦੀ ਚਮਕ ਹੋਣੀ ਚਾਹੀਦੀ ਏ। ਤੁਸੀਂ ਕਨੇਡਾ ਦੀ ਫਰੰਗੀ ਸਰਕਾਰ ਨਾਲ ਜ਼ਬਰਦਸਤ ਟੱਕਰ ਲਈ ਹੈ। ਰੂਹਾਨੀ ਤੌਰ ਤੇ ਅਸੀਂ ਤੁਹਾਡੇ ਯੁਧ ਵਿਚ ਸ਼ਰੀਕ ਸਾਂ।

ਸਾਥੀਓ, ਬਰਿਟਸ਼ ਪਰਜਾ ਹੋਣ ਦੇ ਨਾਤੇ ਤੁਸੀਂ ਕਨੇਡਾ ਦੀ ਧਰਤੀ ਤੇ ਉਤਰਨ ਦੇ ਪੂਰੇ ਹਕਦਾਰ ਸਓ, ਪਰ ਤੁਸੀਂ ਅਨੁਭਵ ਕਰ ਹੀ ਲਿਆ ਏ ਗੁਲਾਮਾਂ ਦੇ ਕੋਈ ਅਧਿਕਾਰ ਨਹੀਂ ਹੁੰਦੇ। ਤੁਸੀਂ ਖੁਦ ਇਸ ਲਾਹਨਤ ਨੂੰ ਪਿੰਡੇ ਜਰ ਕੇ ਲਿਆ ਹੈ। ਸਾਡੇ ਸਾਰੇ ਦੁੱਖਾਂ ਦਾ ਮੂਲ ਕਾਰਨ ਗੁਲਾਮੀ ਹੈ। ਮੈਂ ਤੁਹਾਨੂੰ ਅਪੀਲ ਕਰਨ ਆਇਆ ਹਾਂ ਗੁਲਾਮੀ ਦੇ ਇਸ ਤੌਕ ਨੂੰ ਭਾਰਤ ਮਾਂ ਦੇ ਗਲੋਂ ਲਾਹੁਣ ਲਈ ਗਦਰ ਪਾਰਟੀ ਵਿਚ ਸ਼ਾਮਲ ਹੋ ਜਾਵੋ। ਸਿਰ ਲਥ ਜੋਧਿਆਂ ਦੀ ਇਹ ਪਾਰਟੀ ਛੇਤੀ ਹੀ ਦੇਸ ਵਿਚ ਭਾਰੀ ਧਮਾਕਾ ਕਰਨ ਵਾਲੀ ਹੈ। ਤੁਹਾਡੇ ਹਥ ਮਜ਼ਬੂਤ ਕਰਨ ਲਈ ਮੈਂ ਤੁਹਾਡੇ ਵਾਸਤੇ ਸ਼ਸਤਰ ਲੈ ਕੇ ਆਇਆ ਹਾਂ। ਪਾਰਟੀ ਦੇ ਪਰਧਾਨ ਹੋਣ ਦੀ ਹੈਸੀਅਤ ਵਿਚ ਮੈਂ ਤੁਹਾਨੂੰ ਗਦਰ ਪਾਰਟੀ ਦਾ ਸ਼ੁਭ ਸੰਦੇਸ਼ ਆਪਣੀ ਇਕ ਟੁੱਟੀ ਫੁੱਟੀ ਕਵਿਤਾ ਰਾਹੀਂ ਦਿੰਦਾ ਹਾਂ। ਭਾਈ ਭਗਵਾਨ ਸਿੰਘ ਤਾਂ ਬਹੁਤ ਵੱਡੇ ਕਵੀ ਨੇ ਮੈਂ ਤਾਂ ਕੰਮ ਚਲਾਊ ਤੁਕਬੰਦੀ ਕਰ ਲੈਂਦਾ ਹਾਂ।

**ਭਗਵਾਨ**

ਮੈਂ ਵੀ ਤਾਂ ਜੁਆਨਾਂ ਦਾ ਖੂਨ ਗਰਮਾਉਣ ਲਈ ਤੀਬਰ ਜਜ਼ਬਿਆਂ ਦਾ ਪ੍ਰਗਟਾਵਾ ਹੀ ਕਰਦਾ ਹਾਂ, ਅਸਲ ਕਵਿਤਾ ਤਾਂ ਸੁਤੰਤਰਤਾ ਤੋਂ ਬਾਅਦ ਹੀ ਲਿਖੀ ਜਾਵੇਗੀ।

**ਗੁਰਦਿਤ**

ਬੈਠ ਜਾਓ। ਧਿਆਨ ਨਾਲ ਸੁਣੋ ਭਕਨਾ ਜੀ ਦੀ ਕਵਿਤਾ।

**ਭਕਨਾ**

ਇਸ ਨੂੰ ਪੰਜਾਬੀ ਵਿਚ ਡਿਓਢ ਛੰਦ ਕਹਿੰਦੇ ਨੇ :-

ਪੂਰੀ ਆਜ਼ਾਦੀ ਤੋੜ ਨਿਸ਼ਾਨਾ, ਥੱਲੇ ਕਿਸੇ ਨਾ ਰਹਿਣਾ
ਜ਼ਿੱਲਤ ਸਹਿਣਾ
ਇਹ ਲੈਣਾ ਹੈ ਖੂਨ ਡੋਲ੍ਹਕੇ, ਨਾਲ ਦੁਸ਼ਮਣਾਂ ਖਹਿਣਾ,
ਸਭ ਕੁਝ ਸਹਿਣਾ।

ਗਦਰ ਪਾਰਟੀ ਦਾ ਗੁਰਮੰਤਰ, ਘੋਲ ਜ਼ਰੂਰੀ ਡਹਿਣਾ,
ਵਾਹੁਣਾ ਵਹਿਣਾ ।

**ਗੁਰਦਿਤ**

ਹੁਣ ਭਾਈ ਸਾਹਿਬ, ਤੁਹਾਡੀ ਵਾਰੀ ਐ ।

**ਭਗਵਾਨ**

ਓਧਰ ਦੇਖੋ ਜੀਂਦੀ ਜਾਗਦੀ ਜਵਾਨ ਕਵਿਤਾ ਤੁਰੀ ਆ ਰਹੀ ਏ ।

**ਗੁਰਦਿਤ**

ਕੌਣ ਹੈ ਇਹ ਨੌਜਵਾਨ ? ਮੈਂ ਵੀ ਨਹੀਂ ਪਛਾਣ ਸਕਿਆ ।

**ਬਰਕਤੁੱਲਾ**

ਤੁਹਾਡੇ ਵਿਚੋਂ ਕੋਈ ਪਛਾਣਦਾ ਹੈ ?

**ਫੌਜੀ**

ਕੋਈ ਨਹੀਂ ।

**ਬਰਕਤੁੱਲਾ**

ਕੋਈ ਗਲ ਨਹੀਂ । ਤੁਸੀਂ ਅਜ਼ਾਦੀ ਦੇ ਰਾਹ ਦੇ ਨਵੇਂ ਪਾਂਧੀ ਹੋ ।

**ਭਕਨਾ**

ਇਹ ਹੈ ਜ਼ਿੰਦਾ ਦੇਸ ਭਗਤੀ ਦੀ ਮੂਰਤ, ਭਖਦੀ ਜੁਆਨੀ, ਬਹਾਦਰੀ ਤੇ ਕੁਰਬਾਨੀ ਦੀ ਜੀਂਦੀ ਮਸਾਲ ।

**ਫੌਜੀ**

ਜਨਾਬ, ਨਾਂ ਵੀ ਤਾਂ ਦੱਸੋ।

**ਭਕਨਾ**

ਸ. ਕਰਤਾਰ ਸਿੰਘ ਸਰਾਭਾ ।

**ਗੁਰਦਿਤ**

ਹੈਂ ! ਕਰਤਾਰ ਸਿੰਘ ਸਰਾਭਾ ! ਇਹ ਜਾਪਾਨ ਵਿਚ ਹੀ ਸਨ ?

**ਬਰਕਤੁੱਲਾ**

ਹਾਂ ! ਤੁਹਾਡੀ ਕਿਸਮਤ ਨੂੰ ਆਪੇ ਸੁਣਕੇ ਆ ਗਏ ।



**ਭਕਨਾ**

ਬੋਲੋ ਕਰਤਾਰ ਸਿੰਘ ਸਰਾਭਾ ।

**ਸਾਰੇ**

ਜ਼ਿੰਦਾਬਾਦ !

**ਭਕਨਾ**

ਤੁਹਾਡੇ ਖੂਨ ਨੂੰ ਉਛਾਲਾ ਦੇਣ ਲਈ ਸਾਥੋਂ ਸਭ ਤੋਂ ਛੋਟੀ ਉਮਰ ਦਾ ਨੌਜਵਾਨ ਸਰਾਭਾ ਹੁਣ ਤੁਹਾਡੇ ਨਾਲ ਹਮਕਲਾਮ ਹੋਵੇਗਾ ।

**ਗੁਰਦਿਤ**

ਐਧਰ ਸਾਹਮਣੇ ਆਓ ਸਰਾਭਾ ਜੀ ।

**ਭਕਨਾ**

ਇਹ ਨੇ ਭਾਈ ਗੁਰਦਿਤ ਸਿੰਘ

**ਸਰਾਭਾ**

ਹੈਂ ! ਕਾਮਾਗਾਟਾ ਮਾਰੂ ਦੇ ਹੀਰੋ ? ਮੈਂ ਤਾਂ ਇਨ੍ਹਾਂ ਦੇ ਪੈਰ ਚੁੰਮਣ ਆਇਆਂ ।

ਪੈਰਾਂ ਨੂੰ ਹਥ ਲਾਣ ਲਈ ਝੁਕਦਾ ਹੈ ।
ਗੁਰਦਿਤ ਸਿੰਘ ਉਸ ਨੂੰ ਜੱਫੀ ਵਿਚ ਲੈ ਲੈਂਦਾ ਹੈ ।

**ਭਕਨਾ**

ਸਰਾਭਾ ਜੀ, ਐਧਰ ਆਓ ਸਾਹਮਣੇ । ਮੁਸਾਫਰਾਂ ਨੂੰ ਕੋਈ ਸੰਦੇਸ਼ ਦਿਉ ।

**ਸਰਾਭਾ**

ਦੇਸ਼ ਵਾਸੀਓ, ਤੁਸੀਂ ਬੇਹਦ ਮੁਰਝਾਏ ਹੋਏ ਦਿਸ ਰਹੇ ਓ । ਜੋਧਿਓ, ਮੈਂ ਤਾਂ ਤੁਹਾਨੂੰ ਉਚੇਚਾ ਪਰਨਾਮ ਕਰਨ ਅਤੇ ਤੁਹਾਥੋਂ ਪ੍ਰੇਰਨਾ ਲੈਣ ਆਇਆਂ ਹਾਂ । ਕੀ ਹੋਇਆ ਜੇ ਤੁਹਾਨੂੰ ਕਨੇਡਾ ਦੀ ਧਰਤੀ ਤੇ ਉਤਰਨ ਨਹੀਂ ਦਿੱਤਾ, ਦੁਨੀਆਂ ਦੀ ਨਜ਼ਰ ਵਿਚ ਤੁਹਾਡੀ ਭਾਰੀ ਫਤਹ ਹੋਈ ਹੈ ! ਅਜਿਤ ਸਮਝੇ ਜਾਂਦੇ ਸਾਮਰਾਜ ਦੀ ਸਰਾ ਸਰ ਹਾਰ । ਤੁਸੀਂ ਫਰੰਗੀ ਸਰਕਾਰ ਦਾ ਸੂਰਜ ਡੂੰਘੇ ਪਾਣੀਆਂ ਵਿਚ ਡੋਬ ਕੇ ਮੁੜੇ ਹੋ, ਤੁਹਾਨੂੰ ਨਮੋਸ਼ੀ ਕਿਸ ਗਲ ਦੀ । ?

ਬਜ਼ੁਰਗੋ, ਤੁਸੀਂ ਫਰੰਗੀਆਂ ਦੀ ਇਨਸਾਫ ਪਸੰਦੀ ਦਾ ਪਰਦਾ ਫਾਸ਼ ਕਰ ਦਿੱਤਾ ਹੈ। ਉਨ੍ਹਾਂ ਦੇ ਕਾਨੂੰਨ ਦੀਆਂ ਧੱਜੀਆਂ ਉੜਾ ਦਿੱਤੀਆਂ ਨੇ। ਸ਼ਾਬਾਸ਼ ਬਹਾਦਰੋ, ਤੁਸੀ ਤਿੰਨ ਗੋਰੀਆਂ ਸਰਕਾਰਾਂ ਦੇ ਮੂੰਹ ਤੇ ਕਾਲਖ ਮਲ ਕੇ ਆਏ ਓ। ਸਾਰੀ ਦੁਨੀਆਂ ਤੁਹਾਡੀ ਸੂਰਮਗਤੀ ਤੇ ਅਸ਼ ਅਸ਼ ਕਰ ਰਹੀ ਹੈ। ਮੈਂ ਕਲ ਇਕ ਬਹੁਤ ਵੱਡੇ ਜਾਪਾਨੀ ਲੀਡਰ ਨੂੰ ਸਿਫਤਾਂ ਕਰਦੇ ਕੰਨੀ ਸੁਣਿਆ ਹੈ। ਤੁਸੀਂ ਭਾਰਤ ਮਾਤਾ ਦੀ ਸ਼ਾਨ ਨੂੰ ਚਾਰ ਚੰਨ ਲਾਏ ਨੇ। ਤੁਸੀਂ ਲਾਸਾਨੀ ਜਿਤ ਪ੍ਰਾਪਤ ਕੀਤੀ ਹੈ। ਆਪਣੇ ਅਕੀਦੇ ਤੇ ਅਟਲ ਰਹਿਣਾ ਹੀ ਅਸਲ ਜਿਤ ਹੁੰਦੀ ਹੈ। ਤੁਸੀਂ ਗੁਰੂ ਤੇਗ਼ ਬਹਾਦਰ ਦੀ ਸ਼ਹੀਦੀ ਨੂੰ ਸਾਕਾਰ ਕਰ ਵਖਾਇਆ ਹੈ।

ਸਾਥੀਓ, ਤੁਸੀਂ ਦੇਖ ਹੀ ਲਿਆ ਹੈ ਗੁਲਾਮਾਂ ਨਾਲ ਘਰੋਂ ਬਾਹਰ ਕਿੰਨਾ ਤ੍ਰਿਸਕਾਰ ਭਰਿਆ ਸਲੂਕ ਹੁੰਦਾ ਹੈ। ਹਰ ਥਾਂ ਧੱਕੇ ਤੇ ਲਾਹਨਤਾਂ ਪੈਂਦੀਆਂ ਨੇ। ਗੁਲਾਮੀ ਦੇ ਜੀਣ ਨਾਲੋਂ ਦੇਸ਼ ਖਾਤਰ ਮਰ ਮਿਟਣਾ ਕਿਤੇ ਚੰਗੇਰਾ ਕਰਮ ਹੈ।

ਬਹਾਦਰੋ, ਤੁਸੀਂ ਹੁਣ ਘਰ ਘਾਟ ਨੂੰ ਭੁਲ ਜਾਓ, ਗੁਲਾਮੀ ਦੇ ਸੰਗਲ ਕਟਣ ਲਈ ਅਜ ਤੋਂ ਗਦਰ ਪਾਰਟੀ ਵਿਚ ਭਰਤੀ ਹੋ ਜਾਓ। ਗੁਲਾਮੀ ਦੇ ਘ੍ਰਿਣਤ ਜੀਣ ਨਾਲੋਂ ਸ਼ਹੀਦ ਹੋਣਾ ਕਬੂਲ ਕਰੋ।

ਪੰਜਾਬੀਓ, ਤੁਸੀਂ ਉਨ੍ਹਾਂ ਸੂਰਬੀਰਾਂ ਦੀ ਆਲ ਉਲਾਦ ਓ, ਜਿਨ੍ਹਾਂ ਨੇ ਸਿੰਕਦਰ ਆਜ਼ਮ ਦਾ ਮੂੰਹ ਮੋੜਿਆ ਸੀ ਅਤੇ ਉਹ ਜ਼ਖਮੀ ਹੋ ਕੇ ਪੰਜਾਬ ਤੋਂ ਭਜਿਆ ਸੀ। ਤੁਹਾਡੇ ਵਡੇਰਿਆਂ ਨੇ ਮੁਗਲ ਰਾਜ ਦੀਆਂ ਜੜਾਂ ਖੋਖਲੀਆਂ ਕੀਤੀਆਂ ਸਨ। ਹੁਣ ਤੁਸੀਂ ਭਾਰਤ ਮਾਤਾ ਨੂੰ ਆਜ਼ਾਦ ਕਰਾਣ ਖਾਤਰ ਸਭ ਤੋਂ ਵੱਧ ਖੂਨ ਡੋਲ੍ਹਣਾ ਹੈ। ਯਾਦ ਰੱਖੋ :

ਤਾਰਾ ਟੁੱਟ ਕੇ ਰੌਸ਼ਨੀ ਦਿੰਦਾ ਹੈ
ਪਰਵਾਨਾ ਸੜ ਕੇ ਸ਼ਹੀਦ ਹੁੰਦਾ ਹੈ।

**ਆਵਾਜ਼ਾਂ**

ਵਾਹ ਵਾਹ ! ਬਲਿਹਾਰ !

**ਸਰਾਭਾ**

ਜਿਵੇਂ ਭਗਤ ਆਪਾ ਮਾਰਕੇ ਮੁਕਤ ਹੁੰਦਾ ਹੈ। ਸੂਰਾ ਸੂਲੀ ਚੜ੍ਹਕੇ ਬੰਧਨ ਕਟਦਾ ਹੈ। ਵਤਨੀ ਵੀਰੋ, ਸਾਡੇ ਚੰਗੇ ਭਾਗਾਂ ਨੂੰ ਫਰੰਗੀ ਦਾ ਜਰਮਨੀ ਨਾਲ ਯੁਧ ਸ਼ੁਰੂ ਹੋ ਗਿਆ ਹੈ। ਇਹੋ ਵਕਤ ਹੈ ਜਾਬਰ ਦੁਸ਼ਮਣ ਨੂੰ ਕਰਾਰੀ ਸਟ ਮਾਰਨ ਦਾ। ਆਜ਼ਾਦੀ ਦਾ ਬਿਗਲ



ਵਜ ਗਿਆ ਹੈ, ਸੂਰਿਓ, ਸਿਰ ਤਲੀ ਤੇ ਧਰ ਕੇ ਸੁਤੰਤਰਤਾ ਦੇ ਸੰਗਰਾਮ ਵਿਚ ਕੁਦ ਪਵੋ :

ਚਲੋ ਜਵਾਨੋ ਕਿਰਤੀ ਕਿਸਾਨੋ
ਦੇਸ਼ ਆਜ਼ਾਦ ਕਰਾਵਣ ਲਈ
ਵਤਨ ਦੀ ਆਬਰੂ ਖਤਰੇ 'ਚ ਹੈ
ਤੁਰੋ ਸ਼ਹੀਦੀ ਪਾਵਣ ਲਈ
ਮਚ ਉਠੀ ਹੈ ਸ਼ਮਾ ਅਜ਼ਾਦੀ
ਪਰਾਣ ਆਹੂਤੀ ਪਾਵਣ ਲਈ
ਚਲੋ ਜਵਾਨੋ, ਕਿਰਤੀ ਕਿਸਾਨੋ।
ਬੋਲੋ, ਬੰਦੇ ਮਾਤਰਮ, ਭਾਰਤ ਮਾਤਾ ਦੀ ਜੈ !
ਸਾਰੇ ਭਾਰਤ ਮਾਤਾ ਦੀ ਜੈ ਨਾਲ ਅਸਮਾਨ ਗੁੰਜ਼ਾ ਦਿੰਦੇ ਹਨ।

# ਦ੍ਰਿਸ਼ ਗਿਆਰਵਾਂ

ਸਮਾਂ : 29 ਸਤੰਬਰ 1914

ਸਥਾਨ : ਬਜ ਬਜ ਘਾਟ, ਕਲਕੱਤਾ

**ਮੰਚ ਦ੍ਰਿਸ਼ :** ਕਲਕੱਤਾ ਸ਼ਹਿਰ ਦੇ ਗਲੀ ਬਜ਼ਾਰਾਂ ਵਿਚ ਅਖ਼ਬਾਰਾਂ ਵੇਚਣ ਵਾਲੇ ਉੱਚੀ ਉੱਚੀ ਰੌਲਾ ਪਾਉਂਦੇ ਫਿਰਦੇ ਹਨ।

"ਆਜ ਕੀ ਤਾਜ਼ਾ ਖਬਰ,
ਕਾਮਾਗਾਟਾ ਮਾਰੂ ਕੇ ਮੁਸਾਫਰੋਂ ਕੀ ਤਲਾਸ਼ੀ"।

"ਕਾਮਾਗਾਟਾ ਮਾਰੂ ਕੋ ਜ਼ਬਰਦਸਤੀ ਬਜ ਬਜ ਘਾਟ ਪਰ ਲਾਇਆ ਗਿਆ।"

"ਕਾਮਾਗਾਟਾ ਮਾਰੂ ਕੇ ਬਹਾਦਰ ਮੁਸਾਫਰ ਛੇ ਮਾਹ ਕੇ ਬਾਅਦ ਬਜ ਬਜ ਘਾਟ ਪਰ ਉਤਰ ਰਹੇ ਹੈਂ।"

"ਕਾਮਾਗਾਟਾ ਮਾਰੂ ਕੇ ਹੀਰੋ ਬਾਬਾ ਗੁਰਦਿਤ ਸਿੰਘ ਕੇ ਦਰਸ਼ਨੋਂ ਕੇ ਲੀਏ ਬਜ ਬਜ ਪਰ ਘਾਟ ਪਹੁੰਚੋ।"

ਭਾਰੀ ਗਿਣਤੀ ਵਿਚ ਮੁਸਾਫਰ ਬਜਬਜ ਘਾਟ ਵਲੋਂ ਕਲਕੱਤਾ ਸ਼ਹਿਰ ਵਲ ਤੁਰੇ ਜਾਂਦੇ ਦਿਸਦੇ ਹਨ। ਬਾਬਾ ਗੁਰਦਿਤ ਸਿੰਘ ਦੇ ਸਿਰ ਉੱਪਰ ਗੁਰੂ ਗਰੰਥ ਸਾਹਿਬ ਦੀ ਬੀੜ ਹੈ। ਉਹ ਸਭ ਤੋਂ ਅੱਗੇ ਹੈ। ਕਈ ਝੁਕ ਕੇ ਧਰਤੀ ਨੂੰ ਨਮਸਕਾਰ ਕਰਦੇ ਹਨ। ਕਈ ਮਿੱਟੀ ਚੁਕ ਕੇ ਮੱਥੇ ਨੂੰ ਲਾਉਂਦੇ ਹਨ। ਸਾਰੇ ਖੜੇ ਕੇ ਨਾਹਰੇ ਮਾਰਦੇ ਹਨ :

ਬੰਦੇ ਮਾਤਰਮ
ਸਤਿ ਸ੍ਰੀ ਅਕਾਲ
ਅੱਲਾ ਹੂ ਅਕਬਰ
ਹਰ ਹਰ ਮਹਾਂਦੇਵ



ਫੇਰ ਰਲ ਕੇ ਕੌਮੀ ਗੀਤ ਗਾਂਦੇ ਤੁਰ ਪੈਂਦੇ ਹਨ।

ਬੰਦੇ ਮਾਤ੍ਰਮ.............
..................

**ਗੁਰਦਿਤ**

ਭਰਾਵੋ, ਸ਼ੁਕਰ ਕਰੋ ਓਸ ਅਕਾਲ ਪੁਰਖ ਦਾ ਜਿਹਨੇ ਸਹੀ ਸਲਾਮਤ ਘਰ ਲੈ ਆਂਦਾ ਏ।

**ਫੌਜੀ**

ਅਜ ਪੂਰੇ ਛੇ ਮਹੀਨਿਆਂ ਪਿਛੋਂ ਮਾਤ ਭੂਮੀ ਤੇ ਪੈਰ ਧਰਿਆ ਹੈ।

**ਬਾਰੂ**

ਮੈਨੂੰ ਤਾਂ ਐਉਂ ਲਗਦਾ ਜਿੱਦਾਂ ਡਰਾਣੇ ਸੁਫਨੇ ਤੋਂ ਜਾਗਿਆ ਹੁੰਦਾ।

**ਕਰਮਾ**

ਬਾਰੂ, ਸ਼ੁਕਰ ਕਰ ਭੈੜਾ ਸੁਪਨਾ ਟੁਟ ਗਿਆ ਏ।

**ਗੁਰਦਿਤ**

ਆਪਣਾ ਵਤਨ ਆਪਣਾ ਹੀ ਹੁੰਦਾ ਏ। ਇਸ ਦੀ ਮਿੱਟੀ ਦਾ ਸਪਰਸ਼ ਹੀ ਰੂਹ ਵਿਚ ਹਿਲ ਜੁਲ ਪੈਦਾ ਕਰ ਰਿਹਾ ਏ। ਇਸ ਦੀ ਹਰ ਚੀਜ਼ ਪਿਆਰੀ ਲਗਦੀ ਏ। ਬਦੋ ਬਦੀ ਚੁੰਮਣ ਨੂੰ ਜੀ ਕਰਦਾ ਏ।

**ਫੌਜੀ**

ਭਾਈ ਸਾਹਿਬ, ਅਗਲਾ ਕਿਆ ਪ੍ਰੋਗਰਾਮ ਹੈ ?

**ਗੁਰਦਿਤ**

ਪਹਿਲਾਂ ਤਾਂ ਕਲਕੱਤੇ ਜਾ ਕੇ ਗਵਰਨਰ ਨੂੰ ਰੋਸ-ਪਤੱਰ ਦੇਣਾ ਹੈ। ਫੇਰ ਪ੍ਰੈਸ ਕਾਨਫਰੰਸ ਕਰਨੀ ਏ।

**ਕਰਮਾ**

ਅਸੀਂ ਕੜੀ ਕਾਨਫਰੰਸ ਤੋਂ ਕੀ ਲੈਣਾ ਦੇਣਾ।

**ਗੁਰਦਿਤ**

ਤੁਸੀਂ ਵਤਨ ਦੀ ਖੁਲ੍ਹੀ ਹਵਾ ਖਾਓ।

**ਬਾਰੂ**

ਕਰਮ ਸਿਆਂ, ਆਪਣਾ ਦੇਸ਼ ਆਪਣਾ ਈ ਹੁੰਦਾ। ਮੈਨੂੰ ਤਾਂ ਇਥੇ ਦੀ ਵਾ ਚੋਂ ਘੇ ਦੀ ਹਵਾੜ ਆਂਦੀ ਆ।

**ਫੌਜੀ**

ਭਾਈ ਸਾਹਿਬ, ਮਲੂਮ ਹੁੰਦਾ ਅਖਬਾਰ ਨਵੀਸਾਂ ਨੂੰ ਜਹਾਜ਼ ਦੀ ਪਹੁੰਚ ਦੀ ਖਬਰ ਨਹੀਂ ਮਿਲੀ।

**ਗੁਰਦਿਤ**

ਜ਼ਰੂਰ ਮਿਲੀ ਹੋਵੇਗੀ। ਮੈਂ ਖ਼ੁਦ ਏਜੰਟ ਹਥ ਸਿੰਘਾਪੁਰੋਂ ਤਾਰਾਂ ਭਿਜਵਾਈਆਂ ਸਨ।

**ਕਰਮਾ**

ਖੌਰੇ ਤਾਰਾਂ ਅਗਲਿਆਂ ਪਹੁੰਚਣ ਵੀ ਦਿੱਤੀਆਂ ਕਿ ਨਹੀਂ।

**ਬਾਰੂ**

ਤੁਸੀਂ ਤਾਂ ਕਹਿਦੇ ਸੀ ਤੇ ਲੋਕੀ ਹੁਮ ਹੁਮਾ ਕੇ ਆਣਗੇ।

**ਫੌਜੀ**

ਭਈ ਸਰਕਾਰ ਨੇ ਰੋਕ ਪਾ ਦਿੱਤੀ ਹੋਵੇਗੀ।

**ਗੁਰਦਿਤ**

ਗੁਲਾਮੀ ਦੀ ਦਸ਼ਾ ਦਾ ਇਹ ਸੰਕੇਤ ਸਮਝੋ।

**ਫੌਜੀ**

ਮੈਨੂੰ ਤਾਂ ਕੋਈ ਭਾਰੀ ਸਾਜਿਸ਼ ਲਗਦੀ ਹੈ।

**ਗੁਰਦਿਤ**

ਮੈਨੂੰ ਵੀ ਉਤਰਦੇ ਸਾਰ ਖੁੜਕ ਗਈ ਸੀ ਪੁਲੀਸ ਦੇ ਰਵੱਈਏ ਤੋਂ

**ਕਰਮਾ**

ਬਾਬਾ ਜੀ, ਪਹਿਲਾਂ ਸਾਨੂੰ ਗਰਮਾ ਗਰਮ ਖਾਣਾ ਖੁਆਉ।

**ਫੌਜੀ**

ਸਭ ਨੂੰ ਸਖਤ ਭੁਖ ਲੱਗੀ ਹੋਈ ਹੈ।

**ਬਾਰੂ**

ਮੇਰੇ ਢਿਡ 'ਚ ਤਾਂ ਚੂਹੇ ਕਲਾਬਾਜ਼ੀਆਂ ਲਾਂਦੇ ਆਂ।

**ਗੁਰਦਿਤ**

ਅੱਗੇ ਚਲ ਕੇ ਦੇਖਦੇ ਆਂ ਸ਼ਾਇਦ ਕੋਈ ਪੰਜਾਬੀ ਢਾਬਾ ਹੀ ਮਿਲ ਜਾਵੇ।

**ਫੌਜੀ**

ਮੇਰੀ ਜਾਚੇ ਤਾਂ ਉਹ ਪੁਲਸ ਵਾਲੇ ਸਾਨੂੰ ਰੋਕਣ ਲਈ ਖੜੇ ਹੈਨ।



**ਬਾਰੂ**

ਇਹ ਤਾਂ ਭਰਾਵਾਂ ਤੇ ਕਹਿਰ ਢਾਣ ਆਲੇ ਦੇਸੀ ਜਮਦੂਤ ਐ।

**ਕਰਮਾ**

ਓਹ ਤਾਂ ਸਾਡੇ ਪਿੰਡ ਲਾਗੇ ਦਾ ਸੁੱਖਾ ਸਿੰਘ ਐ।

**ਬਾਰੂ**

ਫੇਰ ਤੇਰੀਆਂ ਪੌਂ ਬਾਰਾਂ, ਗਰਾਈਂ ਟੱਕਰ ਗਿਆ।

**ਕਰਮਾ**

ਹੈਂ! ਇਹ ਤਾਂ ਇਨਸਪੈਕਟਰੀ ਦੇ ਫੀਤੇ ਲਾਈ ਫਿਰਦਾ।

**ਫੌਜੀ**

ਦੇਸ ਭਗਤਾਂ ਤੇ ਕਹਿਰ ਢਾ ਕੇ ਤਰੱਕੀ ਕੀਤੀ ਹੋਵੇਗੀ।

**ਸੁੱਖਾ ਸਿੰਘ**

ਠਹਿਰ ਜਾਓ, ਕਿੱਧਰ ਨੂੰ ਮੂੰਹ ਚੁੱਕੀ ਤੁਰੇ ਜਾ ਰਹੇ ਓ?

**ਗੁਰਦਿਤ**

ਕਲਕੱਤਾ ਸ਼ਹਿਰ ਨੂੰ।

**ਸੁੱਖਾ**

ਤੁਹਾਨੂੰ ਕਲਕੱਤੇ ਜਾਣਦੀ ਮਨਾਹੀ ਹੈ।

**ਗੁਰਦਿਤ**

ਪਹਿਲਾਂ ਅਸੀਂ ਗੁਰੂ ਗ੍ਰੰਥ ਸਾਹਿਬ ਦੀ ਬੀੜ ਗੁਰਦਵਾਰੇ ਪਹੁੰਚਾਣੀ ਏ।

**ਸੁੱਖਾ**

ਬੀੜ ਸਾਡੇ ਹਵਾਲੇ ਕਰ ਦਿਉ, ਪੁਚਾ ਦਿਆਂਗੇ।

**ਗੁਰਦਿਤ**

ਅਸੀਂ ਖੁਦ ਸਤਿਕਾਰ ਨਾਲ ਛਡਕੇ ਆਵਾਂਗੇ।

**ਸੁੱਖਾ**

ਇਹ ਬਹਾਨੇ ਨਹੀਂ ਚਲਣੇ। ਆਪਣੇ ਆਪ ਪਿੱਛੇ ਨੂੰ ਮੁੜ ਪਵੋ।

**ਫੌਜੀ**

ਉਹ ਕਿਉਂ?

ਸੁੱਖਾ

ਤੁਹਾਡੇ ਵਾਸਤੇ ਰੇਲ ਗੱਡੀ ਤਿਆਰ ਖੜੀ ਹੈ ।

ਗੁਰਦਿਤ

ਕਿੱਥੇ ਲਿਜਾਣ ਲਈ ?

ਸੁੱਖਾ

ਪੰਜਾਬ

ਕਰਮਾ

ਅਸੀਂ ਪੰਜਾਬ ਨਹੀਂ ਜਾਣਾ ਚਾਹੁੰਦੇ ।

ਸੁੱਖਾ

ਤੁਹਾਡਾ ਵੱਡਾ ਵੀ ਜਾਵੇਗਾ ।

ਬਾਰੂ

ਸਾਡਾ ਹੁਣ ਪੰਜਾਬ 'ਚ ਕੀ ਰਖਿਆ ਹੋਇਆ ।

ਕਰਮਾ

ਘਰ-ਘਾਟ ਜ਼ਮੀਨਾਂ ਵੇਚ ਕੇ ਗਏ ਸੀ ।

ਬਾਰੂ

ਅਸੀਂ ਇੱਥੇ ਮਿਹਨਤ ਮਜ਼ੂਰੀ ਕਰਨਾ ਚਾਹੁੰਦੇ ਆਂ ।

ਫੌਜੀ

ਮੈਂ ਆਪਣੇ ਫੌਜੀ ਭਰਾ ਨੂੰ ਮਿਲਣਾ ਹੈ ।

ਸੁੱਖਾ

ਸਭ ਨੂੰ ਪਹਿਲਾਂ ਪੰਜਾਬ ਜਾਣਾ ਪਵੇਗਾ, ਕੰਨ ਖੋਲ ਕੇ ਸੁਣ ਲਓ ।

ਫੌਜੀ

ਕੇਹੀ ਜ਼ਬਰਦਸਤੀ ਹੈ ?

ਸੁੱਖਾ

ਹਾਂ, ਸਖ਼ਤ ਸਰਕਾਰੀ ਹੁਕਮ ਹੈ।



ਕਰਮਾ

ਜੇ ਅਸੀਂ ਨਹੀਂ ਜਾਵਾਂਗੇ, ਫੇਰ ?

ਸੁੱਖਾ

ਫੇਰ ਛਿੱਤਰ ਖਾਓਗੇ, ਜੇਲ੍ਹ ਦੀ ਹਵਾ ਫੱਕੋਗੇ ।

ਫੌਜੀ

ਕਹਿਰ ਸਾਈਂ ਦਾ ਬਾਹਰ ਤਾਂ ਧੱਕੇ ਪੈਂਦੇ ਸੀ ਆਪਣੇ ਮੁਲਕ ਵਿਚ ਵੀ ਓਹੋ ਸਲੂਕ ।

ਗੁਰਦਿਤ

ਇਥੇ ਵੀ ਉਸੇ ਜਾਬਰ ਫਰੰਗੀ ਦੀ ਹਕੂਮਤ ਏ ।

ਸੁੱਖਾ

(ਸਖਤੀ ਨਾਲ) ਬਕ ਬਕ ਬੰਦ ਕਰੋ ।

ਗੁਰਦਿਤ

ਜ਼ਿਆਦਤੀ ਨਾ ਕਰੋ, ਬੰਦਿਆਂ ਵਾਂਗ ਗਲ ਕਰੋ ।

ਸੁੱਖਾ

ਬਾਗ਼ੀਆਂ ਨਾਲ ਇਹੋ ਸਲੂਕ ਹੁੰਦਾ ਹੈ ।

ਗੁਰਦਿਤ

ਵਾਧੂ ਗੱਲ ਨਾ ਕਰੋ, ਮੁਸਾਫਰ ਬੇਹੱਦ ਭੁੱਖੇ ਨੇ ।

ਸੁੱਖਾ

ਸਭ ਨੂੰ ਗੱਡੀ ਵਿਚ ਖਾਣਾ ਮਿਲੇਗਾ ।

ਬਾਰੂ

ਜਹਾਜ਼ 'ਚ ਕਹਿੰਦੇ ਸੀ ਕੰਢੇ ਉੱਤਰ ਕੇ ਮਿਲੂ ।

ਕਰਮਾ

ਸਭ ਕੁਝ ਝੂਠ ਸੀ ।

ਸੁੱਖਾ

ਤੁਸੀਂ ਮੁੜਨਾ ਕਿ ਨਹੀਂ ?

**ਸੁੱਖਾ**

(ਵਧਣ ਤੋਂ ਰੋਕਦਾ ਹੋਇਆ) ਫੇਰ ਮੁਸ਼ਕਾਂ ਬੰਨ ਕੇ ਗੱਡੀ ਵਿਚ ਸੁੱਟੇ ਜਾਵੋਗੇ ।

**ਕਰਮਾ**

ਭ ਊ, ਅਸੀਂ ਬਹੁਤ ਅੱਕੇ ਥੱਕੇ ਹੋਏ ਆਂ, ਦੁਖੀਆਂ ਨੂੰ ਹੋਰ ਨਾ ਸਤਾ ।

**ਗੁਰਦਿਤ**

ਤੁਹਾਡੇ ਪਾਸ ਸਾਨੂੰ ਰੋਕਣ ਦਾ ਕੋਈ ਲਿਖਤੀ ਆਰਡਰ ਹੈ ?

**ਸੁੱਖਾ**

ਹਾਂ, ਹੈ ?

**ਗੁਰਦਿਤ**

ਲਿਆਉ ਦਿਖਾਉ ।

**ਸੁੱਖਾ**

ਮੇਰਾ ਕਹਿਣਾ ਹੀ ਆਰਡਰ ਹੈ ।

**ਫੌਜੀ**

ਹੂੰ ! ਚਲੋ ਅੱਗੇ ਵਧੋ, ਡਰਦੇ ਕਿਉਂ ਹੋ ?

**ਸੁੱਖਾ**

(ਡੰਡਾ ਉੱਘਰ ਕੇ ਰੋਕਦਾ ਹੋਇਆ) ਥਾਂ ਖੜ੍ਹੇ ਜਾਓ ਵਰਨਾ ਕੁਟ ਖਾਉਗੇ ।

**ਫੌਜੀ**

ਅਸੀਂ ਜ਼ੋਰ ਜ਼ੁਲਮ ਅੱਗੇ ਝੁਕਣ ਵਾਲੇ ਬੰਦੇ ਨਹੀਂ, ਇਕ ਪਾਸੇ ਹੋ ਜਾਹਨ !

**ਸੁੱਖਾ**

ਲਓ ਆ ਗਿਆ ਹੈ ਤੁਹਾਡਾ ਪਤੰਦਰ, ਹੁਣੇ ਪਤਾ ਲਗ ਜਾਊ ।

ਅੰਗ੍ਰੇਜ਼ ਪੁਲੀਸ ਅਫਸਰ ਈਸਟਵੁਡ ਆਉਂਦਾ ਹੈ । ਸੁੱਖਾ ਸਿੰਘ ਤੇ ਹੋਰ ਉਸ ਨੂੰ ਸਲੂਟ ਮਾਰਦੇ ਹਨ ।



**ਗੁਰਦਿਤ**

ਸੰਧਿਆ ਵੇਲਾ ਹੋ ਗਿਆ ਹੈ । ਅਬ ਰਹਿਰਾਸ ਦਾ ਪਾਠ [illegible] ਆਪ ਆਪਣੇ ਅਕੀਦੇ ਅਨੁਸਾਰ ਪੂਜਾ ਪਾਠ ਕਰੋ, ਪੀਰ ਬਖਸ਼, ਸ਼ਾਇਦ ਤੇਰਾ ਵੀ ਨਿਮਾਜ਼ ਦਾ ਵਕਤ ਹੋ ਗਿਆ ਹੈ ।

**ਈਸਟਵੁਡ**

ਯੇਹ ਕਿਆ ਕਰਨੇ ਲਗੇ ਹੈਂ ?

**ਸੁੱਖਾ**

ਸਰ, ਸ਼ਾਮ ਦੀ ਪ੍ਰੇਅਰ ।

**ਈਸਟਵੁਡ**

ਇਨ ਕੋ ਬੋਲੋ ਜਲਦੀ ਖ਼ਤਮ ਕਰੇਂ ।

**ਸੁੱਖਾ**

(ਹੌਲੀ) ਸਾਹਿਬ ਦਾ ਹੁਕਮ ਹੈ ਛੇਤੀ ਛੇਤੀ ਨਬੇੜ ਪੂਜਾ ਪਾਠ ।

**ਈਸਟਵੁਡ**

ਲਿਹਾਜ਼ ਮਤ ਕਰਨਾ, ਯੇ ਲੋਗ ਬਹੁਤ ਖਰਾਬ ਹੈਂ ।

**ਸੁੱਖਾ**

ਸਰ, ਤਾਂ ਹੀ ਤਾਂ ਕਨੇਡਾ ਸਰਕਾਰ ਨੇ ਉਤਰਨ ਨਹੀਂ ਦਿੱਤਾ ।

**ਈਸਟਵੁਡ**

ਹਮੇਂ ਪੱਕਾ ਇਤਲਾਹ ਮਿਲਾ ਹੈ ਇਹ ਸਭ ਬਾਗ਼ੀ ਲੋਗ ਹੈਂ, ਗਦਰ ਮਚਾਨੇ ਆਏ ਹੈਂ ।

(ਰੇਲ-ਇੰਜਨ ਦਾ ਵਿਸਲ)

**ਸੁੱਖਾ**

ਸਰ, ਰੇਲ ਗੱਡੀ ਵਾਲੇ ਇੰਤਜ਼ਾਰ ਕਰ ਰਹੇ ਨੇ ਇਨ੍ਹਾਂ ਦਾ ।

**ਈਸਟਵੁਡ**

ਇਨ ਕੋ ਬੋਲੋ, ਸ਼ੌਰਟ ਕਟ ਕਰੇਂ।

**ਸੁੱਖਾ**

ਸਰ, ਮੈਂ ਅਰਜ਼ ਕਰਦਾਂ ਪ੍ਰੇਅਰ ਵਕਤ ਇਨ੍ਹਾਂ ਨੂੰ ਛੇੜਨਾ ਨਹੀਂ ਚਾਹੀਦਾ। ਧਰਮ ਦੇ ਮਾਮਲੇ ਵਿਚ ਇਹ ਲੋਕ ਬਹੁਤ ਟਚੀ ਨੇ। ਝਟ ਜਾਨਾਂ ਵਾਰਨ ਲਈ ਕੱਠੇ ਹੋ ਜਾਂਦੇ ਨੇ।

**ਈਸਟਵੁਡ**

ਧਰਮ ਸ਼ਰਮ ਮੈਂ ਕੁਝ ਨਹੀਂ ਜਾਨਤਾ। ਲੀਡਰ ਕੋ ਫੌਰਨ ਮੇਰੇ ਪਾਸ ਬੁਲਾਉ।

**ਸੁੱਖਾ**

ਸਰ, ਉਹ ਹੀ ਤਾਂ ਪ੍ਰੇਅਰ ਕਰ ਰਿਹਾ ਹੈ।

**ਈਸਟਵੁਡ**

(ਗੁੱਸੇ ਨਾਲ) ਦੂਸਰੇ ਕੋ ਬੋਲੋ ਕਰੇ।

**ਸੁੱਖਾ**

(ਹੌਲੀ) ਭਾਈ ਸਾਹਿਬ, ਐਧਰ ਆਓ ਸਾਹਿਬ ਬੁਲਾ ਰਿਹਾ।

**ਫੌਜੀ**

ਸਾਹਿਬ ਨੂੰ ਬੋਲ ਦੇ ਪਾਠ ਦਾ ਭੋਗ ਪਏ ਬਿਨਾ ਉਹ ਹਰਗਿਜ਼ ਨਹੀਂ ਆ ਸਕਦੇ।

**ਈਸਟਵੁਡ**

ਕਿਆ ਬਕਤਾ ਹੈ ?

**ਸੁੱਖਾ**

ਸਰ, ਮੈਂ ਫੇਰ ਅਰਜ਼ ਕਰਦਾਂ ਪ੍ਰੇਅਰ ਵਿਚ ਵਿਗਨ ਨਾ——

**ਈਸਟਵੁਡ**

ਪਖੰਡ ਕਰ ਰਹੇ ਹੈਂ, ਵਕਤ ਟਾਲ ਰਹੇ ਹੈਂ, ਮੈਂ ਸਭ ਸਮਝਦਾ ਹਾਂ।

**ਸੁੱਖਾ**

ਸਰ, ਜ਼ਰਾ ਕੁ ਠਹਿਰੋ, ਅਰਦਾਸ ਕਰਨ ਲੱਗੇ ਨੇ।



**ਈਸਟਵੁਡ**

ਮੈਂ ਇਕ ਮਿੰਟ ਇੰਤਜ਼ਾਰ ਨਹੀਂ ਕਰ ਸਕਤਾ, (ਗੁਰਦਿਤ ਸਿੰਘ ਨੂੰ ਇਸ਼ਾਰੇ ਨਾਲ) ਇਧਰ ਬਾਤ ਸੁਨੋ।

**ਗੁਰਦਿਤ**

(ਅਧੀਨਗੀ ਤੇ ਸ਼ਰਾਫਤ ਨਾਲ) ਸਿਰਫ ਦੋ ਮਿੰਟ, ਅਰਦਾਸ ਪਿੱਛੋਂ ਤੁਹਾਡੀ ਗਲ ਸੁਣਦਾ ਹਾਂ।

**ਈਸਟਵੁਡ**

ਅਰਦਾਸ ਬਰਦਾਸ ਮੈਂ ਕੁਝ ਨਹੀਂ ਜਾਨਤਾ।

(ਅੱਗੇ ਵਧਕੇ ਗੁਰਦਿਤ ਸਿੰਘ ਨੂੰ ਬਾਹੋਂ ਫੜਕੇ ਆਪਣੇ ਵਲ ਧੂੰਹਦਾ ਹੈ) ਇਧਰ ਆਓ।

**ਫੌਜੀ**

ਬਾਬੇ ਨੂੰ ਛਡ ਦੇਹ, ਨਹੀਂ ਕੀਤੀ ਭੁਗਤੇਂਗਾ

**ਈਸਟਵੁਡ**

(ਰਿਵਾਲਵਰ ਕਢ ਕੇ) ਕਿਆ ਬਕਤਾ ਹੈਂ। ਸੁੱਖਾ ਸਿੰਘ, ਇਸ ਬਦਮਾਸ਼ ਕੋ ਪਕੜੋ।

**ਕਰਮਾ**

ਛਡ ਦੇ ਬਾਬੇ ਨੂੰ। ਲੈ ਮੈਨੂੰ ਮਾਰ ਗੋਲੀ। ਅਸੀਂ ਮੌਤ ਤੋਂ ਨਹੀ ਡਰਦੇ।

**ਈਸਟਵੁਡ**

(ਉਪਰ ਨੂੰ ਗੋਲੀ ਚਲਾਕੇ) ਗ੍ਰਿਫਤਾਰ ਕਰੋ, ਯੇਹ ਤਮਾਮ ਬਾਗ਼ੀ ਹੈਂ।

ਈਸਟਵੁਡ ਗੋਲੀ ਚਲਾਣ ਲਗਦਾ ਹੈ, ਦੁੱਲਾ ਸਿੰਘ ਉਭਰ ਕੇ ਉਸ ਦੇ ਹਥੋਂ ਰਵਾਲਵਰ ਖੋਂਹਦਾ ਹੈ। ਹਥੋਪਾਈ ਵਿਚ ਗੋਲੀ ਚਲ ਜਾਂਦੀ ਹੈ ਜੋ ਈਸਟਵੁਡ ਦੀ ਛਾਤੀ ਵਿਚ ਲਗਦੀ ਹੈ। ਉਹ ਜ਼ਮੀਨ ਤੇ ਢੇਰੀ ਹੋ ਜਾਂਦਾ ਹੈ।

**ਈਸਟਵੁਡ**

(ਡਿਗਦਾ ਹੋਇਆ) ਆਰਡਰ, ਫਾਇਰ!

ਤਾੜ ਤਾੜ ਗੋਲੀਆਂ ਚਲਣੀਆਂ ਸ਼ੁਰੂ ਹੋ ਜਾਂਦੀਆ ਹਨ। ਹਫੜਾ ਦਫੜੀ ਮਚ

ਜਾਂਦੀ ਹੈ । ਕੁਝ ਮੁਸਾਫਰ ਥਾਂ ਢੇਰੀ ਹੋ ਜਾਂਦੇ ਹਨ । ਬਹੁਤੇ ਹਨੇਰੇ ਦੀ ਆੜ ਵਿਚ ਆਲੇ ਦੁਆਲੇ ਖਿਸਕ ਜਾਂਦੇ ਹਨ । ਕੁਝ ਦੇਰ ਸੰਨਾਟਾ ਛਾਇਆ ਰਹਿੰਦਾ ਹੈ । ਪਕੜੋ; ਜਾਨੇ ਨਾ ਪਾਏਂ, ਗ੍ਰਿਫਤਾਰ ਕਰੋ" ਦੀਆਂ ਅਵਾਜ਼ਾਂ ਹਨੇਰੇ ਵਿਚ ਆਉਂਦੀਆਂ ਰਹਿੰਦੀਆਂ ਹਨ ।

**ਅਗੰਮੀ ਆਵਾਜ਼**

ਐ ਜਾਨ ਬਾਜ਼, ਤੁਸੀਂ ਰਣ ਤੱਤੇ 'ਚ ਸ਼ਹੀਦ ਹੋਏ
ਭਾਰਤ ਮਾਤਾ ਦੀ ਮੁਕਤੀ ਲਈ ।
ਤੁਹਾਡੀ ਕੁਰਬਾਨੀ ਜ਼ਾਇਆ ਨਹੀਂ ਜਾਵੇਗੀ ।
ਸ਼ਹੀਦਾਂ ਦਾ ਖੂਨ ਕੌਮ ਦਾ ਬੀਜ ਹੁੰਦਾ ਹੈ ।
ਤੁਹਾਡੀ ਰਾਖ ਚੋਂ ਹੋਰ ਸੂਰਮੇ ਉਠਣਗੇ
ਜੋ ਗੁਲਾਮੀ ਦੇ ਸੰਗਲ ਕਟਣਗੇ ।

ਆਵਾਜ਼ ਬੰਦ ਹੁੰਦੇ ਸਾਰ ਇਕ ਕੋਨੇ ਵਿਚ ਰੋਸ਼ਨੀ ਹੁੰਦੀ ਹੈ । ਫਾਂਸੀ ਦਾ ਰੱਸਾ ਲੰਮਕਦਾ ਦਿਖਾਈ ਦਿੰਦਾ ਹੈ । ਮੇਵਾ ਸਿੰਘ ਲੋਪੋਕੇ ਫਾਂਸੀ ਦੇ ਤਖਤੇ ਤੇ ਖੜਾ ਹੈ ।

**ਗੋਰਾ ਅਫਸਰ**

(ਘੜੀ ਵੇਖਦਾ ਹੋਇਆ) ਪਾਂਚ ਮਿੰਟ ਬਾਕੀ ਹੈਂ । ਤੂੰ ਅਪਨੀ ਆਖਰੀ ਖਾਹਸ਼ ਜ਼ਾਹਰ ਕਰ ਸਕਤਾ ਹੈ ।

**ਮੇਵਾ ਸਿੰਘ**

ਮੇਰਾ ਧਰਮ ਕਿਸੇ ਨਾਲ ਵੈਰ ਵਿਰੋਧ ਕਰਨਾ ਨਹੀਂ ਸਿਖਾਂਦਾ, ਭਾਵੇਂ ਉਹ ਕਿਸੇ ਜ਼ਾਤ, ਜਮਾਤ ਜਾਂ ਮਜ਼ਹਬ ਦਾ ਹੋਵੇ । ਨਾ ਹੀ ਮਿਸਟਰ ਹੋਪਕਿਨਸਨ ਨਾਲ ਮੇਰੀ ਜ਼ਾਤੀ ਦੁਸ਼ਮਣੀ ਸੀ । ਉਸ ਨੇ ਨਿਰਦੋਸ਼ ਦੇਸਵਾਸੀਆਂ ਉਤੇ ਅਕਹਿ ਜ਼ੁਲਮ ਢਾਹੇ । ਇਥੇ ਹੀ ਬਸ ਨਹੀਂ ਕੀਤੀ, ਹਿੰਦੀ ਭਰਾਵਾਂ ਤੇ ਬਜ ਬਜ ਉਤੇ ਕਹਿਰ ਹੋਇਆ ਸੁਣ ਕੇ ਉਸ ਦੀ ਜਾਨ ਲੈਣ ਦੀ ਮੈਨੂੰ ਅੰਦਰੋਂ ਪ੍ਰੇਰਣਾ ਹੋਈ । ਉਸ ਦਾ ਖੂਨ ਕਰਕੇ ਮੈਂ ਦੁਨੀਆਂ ਭਰ ਦਾ ਧਿਆਨ ਕਾਮਾ ਗਾਟਾ ਮਾਰੂ ਦੇ ਘੋਰ ਦੁਖਾਂਤ ਵਲ ਦਵਾਣਾ ਚਾਹੁੰਦਾ ਸਾਂ । ਫਰਜ਼ ਵਲੋਂ ਸੁਰਖਰੂ ਹੋ ਕੇ ਅਜ ਮੈਂ ਖੁਸ਼ੀ ਖੁਸ਼ੀ ਫਾਂਸੀ ਦੇ ਤਖਤੇ ਉਤੇ ਇਉਂ ਚੜ ਰਿਹਾ ਹਾਂ ਜਿੱਦਾਂ ਭੁੱਖਾ ਬੱਚਾ ਮਾਂ ਵਲ ਧਾ ਕੇ ਜਾਂਦਾ ਹੈ । ਫਾਂਸੀ ਦੇ ਰੱਸੇ ਨੂੰ ਮੈਂ ਰੱਬੀ ਹਾਰ ਸਮਝ ਚੁੰਮ ਕੇ ਗਲੇ



ਵਿਚ ਪਾਵਾਂਗਾ । ਮੇਰੀ ਲਾਸ਼ ਹਿੰਦੀ ਵੀਰਾਂ ਨੂੰ ਸੌਂਪੀ ਜਾਵੇ । ਸਤਿਗੁਰੂ ਤੇਰੇ ਓਟ, ਭਾਰਤ ਮਾਤਾ ਦੀ ਜੈ ! ਕਾਮਾਗਾਟਾ ਮਾਰੂ ਦੇ ਸ਼ਹੀਦਾਂ ਦੀ ਜੈ !

ਇਕ ਦਮ ਬੱਤੀਆਂ ਮਧੱਮ ਹੁੰਦੀਆਂ ਹਨ । ਮੇਵਾ ਸਿੰਘ ਦੇ ਆਖਰੀ ਸ਼ਬਦ ਹਵਾ ਵਿਚ ਗੂੰਜਦੇ ਹਨ । ਤਖਤੇ ਦੇ ਖੜਕਣ ਦੀ ਆਵਾਜ਼ ਨਾਲ ਸੰਨਾਟਾ ਜਿਹਾ ਛਾ ਜਾਂਦਾ ਹੈ । ਪਲ ਕੁ ਪਿਛੋਂ ਘਰ ਵਲ ਰੋਸ਼ਨੀ ਹੁੰਦੀ ਹੈ ।

**ਨਿਰਮਲ**

(ਇਕ ਦਮ ਬਾਹਰ ਵਲ ਧਾਹ ਕੇ) ਠਹਿਰੋ, ਰੁਕ ਜਾਓ । ਸ਼ਹੀਦ ਨੂੰ ਪਰਨਾਮ ਕਰ ਲੈਣ ਦਿਉ ।

**ਮਾਂ**

ਧੀਏ, ਫੇਰ ਪਾਗਲਪਨ ਸਵਾਰ ਹੋ ਗਿਆ !

**ਨਿਰਮਲ**

ਮੱਮੀ, ਮੇਵਾ ਸਿੰਘ ਲੋਪੋਕੇ ਦੇ ਆਖਰੀ ਬੋਲਾਂ ਨੇ ਸਗੋਂ ਮੇਰਾ ਪਾਗਲਪੁਣਾ ਦੂਰ ਕਰ ਦਿੱਤਾ, ਮੇਰਾ ਭਰਮ ਟੁਟ ਗਿਆ ਏ ।

**ਪਿਤਾ**

ਫੇਰ ਬੇਟਾ, ਤੂੰ ਹੁਣ ਅਰਾਮ ਕਰ । ਕਲ ਦਾ ਸਾਨੂੰ ਵੀ ਬੇਆਰਾਮ ਕੀਤਾ ਹੋਇਐ । ਕਲ ਦੀ ਇਕ ਟਕ ਖੜੀ ਏਂ ।

**ਨਿਰਮਲ**

ਪਿਤਾ ਜੀ, ਮੇਰੇ ਲਈ ਹੁਣ ਅਰਾਮ ਹਰਾਮ ਹੈ । ਮੈਨੂੰ ਵਾਪਸ ਹਿੰਦੁਸਤਾਨ ਭੇਜ ਦਿਉ । ਪੰਜਾਬ ਮੈਨੂੰ ਬੁਲਾ ਰਿਹਾ ਏ । ਮੈਂ ਏਸ ਦੇਸ ਵਿਚ ਘਟੀਆ ਦਰਜੇ ਦੇ ਸ਼ਹਿਰੀ ਰਹਿਣ ਨਾਲੋਂ ਆਪਣੇ ਮੁਲਕ ਦੀ ਮਿੱਟੀ ਵਿਚ ਰਲਾਂਗੀ, ਵਿਤ ਅਨੁਸਾਰ ਦੇਸ ਦੀ ਸੇਵਾ ਕਰਾਂਗੀ । ਕਾਮਾਗਾਟਾ ਮਾਰੂ ਦੇ ਸ਼ਹੀਦ ਜ਼ਿੰਦਾਬਾਦ !

**ਪਿਤਾ**

ਇਹ ਤਾਂ ਪੂਰੀ ਹੋਸ਼ ਵਿਚ ਲਗਦੀ ਏ ।

ਅੱਖਾਂ ਬੰਦ ਕਰਕੇ ਹਥ ਜੋੜ ਕੇ ਸਿਰ ਨਿਵਾ ਕੇ ਖੜੀ ਹੋ ਜਾਂਦੀ ਹੈ । ਮਾਂ ਬਾਪ ਵੀ ਫਰੀਜ਼ ਹੋ ਜਾਂਦੇ ਹਨ ।

ਪਰਦਾ